SWITCH INSURANCE
AUTO, HOME & COMMERCIAL
Commercial Vehicle Insurance
Commercial Property Insurance
Commercial General Liability (CGL)
Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi
B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit **punjabipost.ca/epaper** | Vol 23* Issue 211 | Friday, 15 November 2024 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' *Online* ਰੋਜ਼ਾਨਾ ਪੜ੍ਹ ਸਕਦੇ ਹੋ

**ਕੈਨੇਡੀਅਨ ਪੰਜਾਬੀ ਪੋਸਟ ਅਦਾਰੇ ਵੱਲੋਂ ਸਮੂਹ ਜਗਤ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਲੱਖ-ਲੱਖ ਵਧਾਈਆਂ**

## ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿੱਚ 'ਪ੍ਰੋਜੈਕਟ ਚੈਂਪੀਅਨ' ਤਹਿਤ 17 ਲੋਕ ਗ੍ਰਿਫਤਾਰ

ਓਟਵਾ, 14 ਨਵੰਬਰ (ਪੋਸਟ ਬਿਊਰੋ): ਖੇਤਰ ਵਿੱਚ ਗ਼ੈਰਕਾਨੂੰਨੀ ਨਸ਼ੀਲੇ ਪਦਾਰਥਾਂ ਦੇ ਵਪਾਰ ਵਿੱਚ 18 ਮਹੀਨੇ ਦੀ ਜਾਂਚ ਤੋਂ ਬਾਅਦ 17 ਲੋਕਾਂ 'ਤੇ ਚਾਰਜਿਜ਼ ਲਗਾਏ ਗਏ ਹਨ।

ਓਟਵਾ ਪੁਲਿਸ ਸਰਵਿਸ ਅਤੇ ਓਂਟਾਰੀਓ ਪ੍ਰੋਵਿਨਸ਼ੀਅਲ ਪੁਲਿਸ ਨੇ ਵੀਰਵਾਰ ਨੂੰ ਪ੍ਰੋਜੈਕਟ ਚੈਂਪੀਅਨ ਤਹਿਤ ਇੱਕ ਅਪਡੇਟ ਦਿੱਤੀ, ਜਿਸ ਵਿੱਚ 17 ਲੋਕਾਂ 'ਤੇ ਕੁਲ 149 ਆਪਰਾਧਿਕ ਚਾਜਿਜ਼ ਲਗਾਏ ਗਏ ਹਨ।



ਚੀਫ ਏਰਿਕ ਸਟਬਸ ਨੇ ਦੱਸਿਆ ਕਿ ਪ੍ਰੋਜੈਕਟ ਚੈਂਪੀਅਨ ਦਾ ਉਦੇਸ਼ ਓਟਵਾ ਖੇਤਰ ਵਿੱਚ ਗ਼ੈਰਕਾਨੂੰਨੀ ਨਸ਼ੀਲੇ ਪਦਾਰਥਾਂ ਦੇ ਵਪਾਰ 'ਤੇ ਕੇਂਦਰਿਤ ਹਿੰਸਕ ਆਪਰਾਧਿਕ ਨੈੱਟਵਰਕ ਦੇ ਮੈਂਬਰਾਂ ਨੂੰ ਰੋਕਣਾ ਅਤੇ ਗ੍ਰਿਫ਼ਤਾਰ ਕਰਨਾ ਸੀ। ਇਹ ਵਿਅਕਤੀ ਆਪਰਾਧਿਕ ਜਾਂਚ ਦੌਰਾਨ ਸਾਡੇ ਧਿਆਨ ਵਿੱਚ ਆਏ, ਜਿਸ ਵਿੱਚ ਕਤਲ ਅਤੇ ਗੋਲੀਬਾਰੀ ਸਮੇਤ ਹਿੰਸਕ ਅਪਰਾਧ ਸ਼ਾਮਿਲ ਸਨ।

ਪੁਲਿਸ ਨੇ ਜਾਂਚ ਦੌਰਾਨ 6.5 ਕਿੱਲੋਗ੍ਰਾਮ ਕੋਕੀਨ ਅਤੇ ਥੋੜ੍ਹੀ ਮਾਤਰਾ ਵਿੱਚ ਕਰੈਕ ਕੋਕੀਨ ਦੇ ਨਾਲ-ਨਾਲ ਪੰਜ ਗੰਨਜ਼ ਜ਼ਬਤ ਕੀਤੀਆਂ।

## ਪੁਲਿਸ ਨੇ ਨਾਰਥ ਵੈਂਕੂਵਰ ਵਿੱਚ 13 ਹਜ਼ਾਰ ਡਾਲਰ ਦੇ ਪਨੀਰ ਦੀ ਚੋਰੀ ਰੋਕੀ



ਵੈਂਕੂਵਰ, 14 ਨਵੰਬਰ (ਪੋਸਟ ਬਿਊਰੋ): ਨਾਰਥ ਵੈਂਕੂਵਰ ਵਿੱਚ ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਇਸ ਸਾਲ ਦੀ ਸ਼ੁਰੂਆਤ ਵਿੱਚ ਇੱਕ ਕਰਿਆਨੇ ਦੀ ਦੁਕਾਨ 'ਚੋਂ ਲਗਭਗ 13,000 ਡਾਲਰ ਦੇ ਪਨੀਰ ਦੀ ਚੋਰੀ ਨੂੰ ਰੋਕਿਆ। ਪੁਲਿਸ ਨੇ ਚੋਰ ਨੂੰ ਲੱਭਣ ਲਈ ਲੋਕਾਂ ਤੋਂ ਮਦਦ ਮੰਗੀ ਹੈ।

ਨਾਰਥ ਵੈਂਕੂਵਰ ਨੇ ਵੀਰਵਾਰ ਨੂੰ ਦੱਸਿਆ ਕਿ ਇਹ ਘਟਨਾ 29 ਸਤੰਬਰ ਨੂੰ ਈਸਟ ਸਟਰੀਟ 13 ਅਤੇ ਲੋਂਸਡੇਲ ਏਵੇਨਿਊ ਕੋਲ ਹੋਲ ਫੂਡਜ਼ ਵਿਚ ਹੋਈ। ਉਸ ਦਿਨ ਸਵੇਰੇ ਕਰੀਬ 4 ਵਜੇ, ਫਰੰਟ-ਲਾਈਨ ਅਧਿਕਾਰੀ ਇਲਾਕੇ ਵਿੱਚ ਸਰਗਰਮ ਗਸ਼ਤ ਕਰ ਰਹੇ ਸਨ ਜਦੋਂ ਉਨ੍ਹਾਂ ਨੂੰ ਪਨੀਰ ਨਾਲ ਭਰੀ ਇੱਕ ਗੱਡੀ ਮਿਲੀ,

ਜਦੋਂ ਅਧਿਕਾਰੀ ਜਾਂਚ ਕਰਨ ਲਈ ਪੈਦਲ ਗਏ ਤਾਂ ਹੋਲ ਫੂਡਜ਼ ਨਾਲ ਜੁੜੀ ਇੱਕ ਪੌੜੀ 'ਤੇ ਇੱਕ ਵਿਅਕਤੀ ਵਿਖਾਈ ਦਿੱਤਾ ਅਤੇ ਅਧਿਕਾਰੀਆਂ ਨੂੰ ਵੇਖਕੇ ਭੱਜ ਗਿਆ। ਅਧਿਕਾਰੀਆਂ ਨੇ ਉਸ ਵਿਅਕਤੀ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਕਿਉਂਕਿ ਉਨ੍ਹਾਂ ਨੂੰ ਸ਼ੱਕ ਸੀ ਕਿ ਪਨੀਰ ਚੋਰੀ ਦਾ ਹੈ, ਪਰ ਸ਼ੱਕੀ ਭੱਜ ਗਿਆ ਅਤੇ ਉਸਦੀ ਪਹਿਚਾਣ ਨਹੀਂ ਹੋ ਸਕੀ। ਆਰਸੀਐੱਮਪੀ ਅਨੁਸਾਰ ਹੋਲ ਫੂਡਜ਼ ਦੇ ਕਰਮਚਾਰੀਆਂ ਨੇ ਜਾਂਚਕਰਤਾਵਾਂ ਨੂੰ ਦੱਸਿਆ ਕਿ ਪਨੀਰ ਦੀ ਕੀਮਤ ਲਗਭਗ 12,800 ਡਾਲਰ ਸੀ।

## ਟਰੰਪ ਨੇ ਤੁਲਸੀ ਗਬਾਰਡ ਨੂੰ ਨੈਸ਼ਨਲ ਇੰਟੈਲੀਜੈਂਸ ਦਾ ਮੁਖੀ ਬਣਾਇਆ

ਵਾਸ਼ਿੰਗਟਨ, 14 ਨਵੰਬਰ (ਪੋਸਟ ਬਿਊਰੋ): ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਆਪਣੀ ਸਰਕਾਰ 'ਚ ਅਹਿਮ ਅਹੁਦਿਆਂ 'ਤੇ ਨਿਯੁਕਤੀਆਂ ਕਰ ਰਹੇ ਹਨ। ਟਰੰਪ ਨੇ ਹਿੰਦੂ ਨੇਤਾ ਤੁਲਸੀ ਗਬਾਰਡ ਨੂੰ ਨੈਸ਼ਨਲ ਇੰਟੈਲੀਜੈਂਸ ਦੇ ਡਾਇਰੈਕਟਰ ਦੀ ਜ਼ਿੰਮੇਵਾਰੀ ਦਿੱਤੀ ਹੈ। ਉਨ੍ਹਾਂ ਨੇ ਬੁੱਧਵਾਰ ਨੂੰ ਬਾਇਡਨ ਨਾਲ ਮੁਲਾਕਾਤ ਤੋਂ ਬਾਅਦ ਇਹ ਐਲਾਨ ਕੀਤਾ।



ਤੁਲਸੀ ਟਰੰਪ ਦੇ ਦੂਜੇ ਕਾਰਜਕਾਲ ਦੀ ਸ਼ੁਰੂਆਤ ਤੋਂ ਬਾਅਦ ਅਹੁਦਾ ਸੰਭਾਲਣਗੇ। ਉਹ ਐਵਰਿਲ ਹੇਨਸ ਦੀ ਥਾਂ ਲੈਣਗੇ। ਤੁਲਸੀ ਗਬਾਰਡ (43) ਅਮਰੀਕਾ ਦੀ ਪਹਿਲੀ ਹਿੰਦੂ ਸੰਸਦ ਮੈਂਬਰ ਰਹੇ ਹਨ। ਗਬਾਰਡ ਨੇ 21 ਸਾਲ ਦੀ ਉਮਰ ਵਿੱਚ ਹਵਾਈ ਵਿੱਚ ਆਪਣਾ ਸਿਆਸੀ ਕਰੀਅਰ ਸ਼ੁਰੂ ਕੀਤਾ ਸੀ। ਉਹ 4 ਵਾਰ ਡੈਮੋਕ੍ਰੇਟਿਕ ਪਾਰਟੀ ਤੋਂ ਸੰਸਦ ਮੈਂਬਰ ਰਹੇ।

ਤੁਲਸੀ ਇਸ ਤੋਂ ਪਹਿਲਾਂ ਬਾਇਡਨ ਦੀ ਡੈਮੋਕ੍ਰੇਟਿਕ ਪਾਰਟੀ ਦੀ ਨੇਤਾ ਸਨ। ਉਹ ਪਿਛਲੇ ਮਹੀਨੇ ਹੀ ਰਿਪਬਲਿਕਨ ਪਾਰਟੀ ਵਿੱਚ ਸ਼ਾਮਿਲ ਹੋਏ ਸਨ। ਤੁਲਸੀ ਤੋਂ ਇਲਾਵਾ ਟਰੰਪ ਨੇ ਦੋ ਹੋਰ ਲੋਕਾਂ ਨੂੰ ਵੀ ਅਹਿਮ ਜ਼ਿੰਮੇਵਾਰੀਆਂ ਦਿੱਤੀਆਂ ਹਨ। ਫਲੋਰਿਡਾ ਦੇ ਸੈਨੇਟਰ ਮਾਰਕੋ ਰੂਬੀਓ ਨੂੰ ਵਿਦੇਸ਼ ਸਕੱਤਰ ਅਤੇ ਮੈਟ ਗੇਟਜ਼ ਨੂੰ ਅਟਾਰਨੀ ਜਨਰਲ ਬਣਾਇਆ ਗਿਆ ਹੈ।

## ਇਟਲੀ 'ਚ ਪੰਜਾਬ ਦੇ ਨੌਜਵਾਨ ਦੀ ਸੜਕ ਹਾਦਸੇ 'ਚ ਮੌਤ, 10 ਸਾਲ ਪਹਿਲਾਂ ਗਿਆ ਸੀ ਵਿਦੇਸ਼

ਨਵਾਂਸ਼ਹਿਰ, 14 ਨਵੰਬਰ (ਪੋਸਟ ਬਿਊਰੋ): ਪੰਜਾਬ ਦੇ ਨਵਾਂਸ਼ਹਿਰ ਦੀ ਬਲਾਚੌਰ ਤਹਿਸੀਲ ਦੇ ਰਹਿਣ ਵਾਲੇ ਨੌਜਵਾਨ ਦੀ ਇਟਲੀ 'ਚ ਸੜਕ ਹਾਦਸੇ 'ਚ ਮੌਤ ਹੋ ਗਈ ਹੈ। ਉਸਦੀ ਮੌਤ 'ਤੇ ਸਾਰੇ ਪਿੰਡ ਵਿੱਚ ਸੋਗ ਦੀ ਲਹਿਰ ਫੈਲ ਗਈ।



24 ਸਾਲਾ ਵਨੇਸ਼ ਰਤਨੀਆ ਪੁੱਤਰ ਸੁਭਾਸ਼ ਚੰਦਰ ਵਾਸੀ ਬਲਾਚੌਰ ਕਰੀਬ 10 ਸਾਲ ਪਹਿਲਾਂ ਇਟਲੀ ਗਿਆ ਸੀ। ਉਹ ਆਪਣੇ ਪਰਿਵਾਰ ਨਾਲ ਵਿਦੇਸ਼ ਵਿਚ ਰਹਿ ਰਿਹਾ ਸੀ। ਦੇਰ ਰਾਤ ਸੜਕ ਹਾਦਸੇ ਵਿੱਚ ਉਸ ਦੀ ਮੌਤ ਹੋ ਗਈ। ਮ੍ਰਿਤਕ ਵਨੇਸ਼ ਰਤਨੀਆ ਦੇ ਰਿਸ਼ਤੇਦਾਰਾਂ ਨੇ ਦੱਸਿਆ ਕਿ ਵਨੇਸ਼ ਰਤਨੀਆ ਕਰੀਬ 10 ਸਾਲਾਂ ਤੋਂ ਆਪਣੇ ਪਰਿਵਾਰ ਸਮੇਤ ਇਟਲੀ ਰਹਿ ਰਿਹਾ ਸੀ ਅਤੇ ਬੀਤੇ ਦਿਨੀਂ ਉਸ ਦੀ ਸੜਕ ਹਾਦਸੇ ਵਿਚ ਮੌਤ ਹੋ ਗਈ ਸੀ।

ਉਸ ਦੀ ਮੌਤ ਦੀ ਖ਼ਬਰ ਤੋਂ ਬਾਅਦ ਪਰਿਵਾਰ ਵਿਚ ਸੋਗ ਦੀ ਲਹਿਰ ਹੈ। ਵਨੇਸ਼ ਨੂੰ ਖੇਡਾਂ ਵਿੱਚ ਬਹੁਤ ਦਿਲਚਸਪੀ ਸੀ ਅਤੇ ਉਹ ਇੱਕ ਚੰਗਾ ਫੁੱਟਬਾਲ ਖਿਡਾਰੀ ਸੀ।

MagGas Medical Brampton
MGM
MAGGAS MEDICAL INC.
Helping you breathe deep and rest easy.
CPAP ਮਸ਼ੀਨ, ਮਾਸਕ ਅਤੇ ਸਪਲਾਈ
ਮੁਫ਼ਤ ਸਲਾਹ
ਓਨਟਾਰੀਓ ਡਿਸਏਬਿਲਟੀ ਸਪੋਰਟ ਪ੍ਰੋਗਰਾਮ ਲਈ ਮੁਫ਼ਤ
ਓਨਟਾਰੀਓ ਵਰਕਸ ਲਈ ਮੁਫ਼ਤ
ਮੁਫ਼ਤ ਡਿਲੀਵਰੀ
(647) 954-9885
20 Maritime Ont Blvd Unit 15
Brampton, ON L6S 0C2

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
Open Saturday
25 Cherrycrest Drive, Unit # 6
Brampton, ON, L6P 3W4
Providing excellent quality legal services to our clients

Royal Pest Control
Residential Commercial Industrial
Specialist in Bedbugs Service
All Pest Control :
Mouse & Rats, Cockroaches, Spiders & Fleas, Carpenter Ants, Bedbugs, Silver Fish, Wasps, Racoons
Call : PARESH PATEL
(Government Approved Licensed Technician)
416 938 4598

ਨਵਾਂ ਘਾਹ ਲਵਾਉ
647-784-1213
www.aaalandscaping.ca
ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
ਨਵਾਂ ਘਾਹ ਲਵਾਉ
ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7



## ਅੱਜ ਨਾਮਾ >>

ਮਿਲਿਆ ਕੱਲ੍ਹ ਸੀ ਕਿਸੇ ਨੂੰ ਦਲ-ਬਦਲੂ,
ਸਾਰੇ ਈ ਬਦਲ ਗਏ ਸੂਟ ਤੇ ਪੱਗ ਬੇਲੀ।
ਆਖੇ ਭੈੜੀ ਜਿਹੀ ਪਾਰਟੀ ਛੱਡ ਆਇਆਂ,
ਬੋਲਦਾ ਪਿਆ ਸੀ ਛੱਡ ਰਿਹਾ ਝੱਗ ਬੇਲੀ।
ਪਾਰਟੀ ਆਖੇ ਬਈ ਨਿਰੀ ਲੁਟੇਰਿਆਂ ਦੀ,
ਕਈ ਸਨ ਤੁਰੇ ਫਿਰਦੇ ਚੋਰ-ਠੱਗ ਬੇਲੀ।
ਅਹੁਦਿਆਂ ਵਾਸਤੇ ਭਾਜੜ ਹੈ ਪਈ ਮੱਚੀ,
ਚਰਚਾ ਕਰਦਿਆਂ ਹੱਸ ਰਿਹਾ ਜੱਗ ਬੇਲੀ।
ਸਾਹਮਣੇ ਵਾਲੇ ਨੇ ਹੱਸ ਕੇ ਕਿਹਾ ਮਿੱਤਰ,
ਕਾਹਨੂੰ ਦਿੱਤੀ ਉਹ ਪਾਰਟੀ ਛੱਡ ਮਿੱਤਰ।
ਪਾਰਟੀ ਫਿੱਟ ਤਾਂ ਤੇਰੇ ਲਈ ਉਹੀ ਹੈ ਸੀ,
ਤੂੰ ਵੀ ਉਨ੍ਹਾਂ ਤੋਂ ਬਹੁਤ ਨਾ ਅੱਡ ਮਿੱਤਰ।

**ਤੀਸ ਮਾਰ ਖਾਂ**

# ਵ੍ਹਾਈਟ ਹਾਊਸ 'ਚ ਰਹਿਣ ਦੀ ਮੇਲਾਨੀਆ ਟਰੰਪ ਦੀ ਸੰਭਾਵਨਾ ਘੱਟ, ਬੇਟੇ ਨਾਲ ਨਿਊਯਾਰਕ 'ਚ ਰਹਿਣਗੇ



ਵਾਸ਼ਿੰਗਟਨ, 14 ਨਵੰਬਰ (ਪੋਸਟ ਬਿਊਰੋ): ਡੋਨਾਲਡ ਟਰੰਪ 20 ਜਨਵਰੀ ਨੂੰ ਰਾਸ਼ਟਰਪਤੀ ਅਹੁਦੇ ਦੀ ਸਹੁੰ ਚੁੱਕ ਕੇ ਅਮਰੀਕਾ ਦੀ ਸੱਤਾ ਸੰਭਾਲਣਗੇ। ਇਸ ਤੋਂ ਬਾਅਦ ਉਹ ਕੰਮਕਾਜ ਲਈ ਵ੍ਹਾਈਟ ਹਾਊਸ ਆ ਕੇ ਰੁਕਣਗੇ। ਪਰ ਉਨ੍ਹਾਂ ਦੀ ਪਤਨੀ ਮੇਲਾਨੀਆ ਟਰੰਪ ਦੇ ਵ੍ਹਾਈਟ ਹਾਊਸ ਵਿੱਚ ਫਸਟ ਲੇਡੀ ਵਜੋਂ ਰਹਿਣ ਦੀ ਸੰਭਾਵਨਾ ਘੱਟ ਹੈ।

ਜ਼ਿਕਰਯੋਗ ਹੈ ਕਿ ਉਹ ਆਪਣਾ ਜ਼ਿਆਦਾਤਰ ਸਮਾਂ ਨਿਊਯਾਰਕ ਵਿੱਚ ਬਿਤਾਉਣਗੇ। ਜਿੱਥੇ ਉਹ ਆਪਣੇ ਬੇਟੇ ਨਾਲ ਰਹਿਣਗੇ। ਇਸ ਤੋਂ ਇਲਾਵਾ, ਪਿਛਲੇ 4 ਸਾਲਾਂ ਵਿੱਚ ਉਨ੍ਹਾਂ ਨੇ ਫਲੋਰਿਡਾ ਵਿੱਚ ਨਵੇਂ ਦੋਸਤ ਬਣਾਏ ਹਨ, ਇਸ ਲਈ ਸੰਭਾਵਨਾ ਹੈ ਕਿ ਉਹ ਫਲੋਰੀਡਾ ਵਿੱਚ ਵੀ ਕੁਝ ਸਮਾਂ ਬਿਤਾਉਣਗੇ।

ਹਾਲਾਂਕਿ ਫਸਟ ਲੇਡੀ ਦੇ ਤੌਰ 'ਤੇ ਮੇਲਾਨੀਆ ਅਹਿਮ ਕੰਮ ਕਾਜ 'ਚ ਸ਼ਾਮਿਲ ਹੋਣਗੇ। ਉਹ ਮੁੱਖ ਸਮਾਗਮਾਂ ਵਿੱਚ ਵੀ ਨਜ਼ਰ ਆਉਣਗੇ। ਪਰ ਉਹ ਅਗਲੇ 4 ਸਾਲਾਂ ਤੱਕ ਜ਼ਿਆਦਾਤਰ ਸਮਾਂ ਵ੍ਹਾਈਟ ਹਾਊਸ ਤੋਂ ਦੂਰੀ ਬਣਾ ਕੇ ਰੱਖ ਸਕਦੇ ਹਨ।

ਰਾਸ਼ਟਰਪਤੀ ਚੋਣ ਜਿੱਤਣ ਤੋਂ ਬਾਅਦ ਡੋਨਾਲਡ ਟਰੰਪ ਰਾਸ਼ਟਰਪਤੀ ਬਿਡੇਨ ਨੂੰ ਮਿਲਣ ਲਈ ਬੁੱਧਵਾਰ ਨੂੰ ਵ੍ਹਾਈਟ ਹਾਊਸ ਪਹੁੰਚੇ। ਇਸ ਦੌਰਾਨ ਪਤਨੀ ਮੇਲਾਨੀਆ ਟਰੰਪ ਉਨ੍ਹਾਂ ਦੇ ਨਾਲ ਨਹੀਂ ਸਨ। ਇਸ ਮੁਲਾਕਾਤ ਲਈ ਜੋਅ ਬਾਇਡਨ ਅਤੇ ਫਸਟ ਲੇਡੀ ਜਿਲ ਬਿਡੇਨ ਨੇ ਟਰੰਪ ਅਤੇ ਮੇਲਾਨੀਆ ਨੂੰ ਸੱਦਾ ਭੇਜਿਆ ਸੀ। ਅਮਰੀਕਾ ਵਿਚ ਇਹ ਪ੍ਰੰਪਰਾ ਰਹੀ ਹੈ ਕਿ ਮੌਜੂਦਾ ਰਾਸ਼ਟਰਪਤੀ ਨਵੇਂ ਚੁਣੇ ਗਏ ਰਾਸ਼ਟਰਪਤੀ ਨਾਲ ਮੁਲਾਕਾਤ ਲਈ ਵ੍ਹਾਈਟ ਹਾਊਸ ਨੂੰ ਸੱਦਾ ਭੇਜਦੇ ਹਨ। ਇਸ ਮੁਲਾਕਾਤ ਨੂੰ ਸ਼ਾਂਤੀਪੂਰਵਕ ਸੱਤਾ ਸੌਂਪਣ ਦੀ ਸ਼ੁਰੂਆਤ ਵਜੋਂ ਦੇਖਿਆ ਜਾਂਦਾ ਹੈ।

# ਬ੍ਰਿਟੇਨ ਵਿਚ ਪਾਕਿਸਤਾਨੀ ਮੂਲ ਦੇ ਡਰਾਈਵਰ ਨੇ ਆਪਣੀ ਬੇਟੀ ਦਾ ਕੀਤਾ ਕਤਲ, ਜ਼ੁਰਮ ਕੀਤਾ ਕਬੂਲ



ਲੰਡਨ, 14 ਨਵੰਬਰ (ਪੋਸਟ ਬਿਊਰੋ): ਲੰਡਨ 'ਚ ਰਹਿ ਰਹੇ ਪਾਕਿਸਤਾਨੀ ਮੂਲ ਦੇ ਬ੍ਰਿਟਿਸ਼ ਟੈਕਸੀ ਡਰਾਈਵਰ ਨੇ ਆਪਣੀ ਬੇਟੀ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ। ਦੋਸ਼ੀ ਪਿਤਾ ਦਾ ਨਾਂ ਉਰਫਾਨ ਸ਼ਰੀਫ ਹੈ। ਉਰਫਾਨ ਨੇ ਬੁੱਧਵਾਰ ਨੂੰ ਲੰਡਨ 'ਚ ਮੁਕੱਦਮੇ ਦੌਰਾਨ ਕਤਲ ਦੇ ਦੋਸ਼ ਕਬੂਲ ਕੀਤੇ।

ਉਸ 'ਤੇ ਆਪਣੀ 10 ਸਾਲ ਦੀ ਬੇਟੀ ਸਾਰਾ ਦੀ ਹੱਤਿਆ ਦਾ ਦੋਸ਼ ਸੀ। ਸਾਰਾ ਦੀ ਲਾਸ਼ 10 ਅਗਸਤ 2023 ਨੂੰ ਵੋਕਿੰਗ, ਦੱਖਣ-ਪੱਛਮੀ ਲੰਡਨ ਵਿੱਚ ਉਸਦੇ ਘਰ ਵਿੱਚ ਉਸਦੇ ਬਿਸਤਰੇ ਵਿੱਚ ਮਿਲੀ ਸੀ। ਕਤਲ ਤੋਂ ਬਾਅਦ 42 ਸਾਲਾ ਟੈਕਸੀ ਡਰਾਈਵਰ ਉਰਫਾਨ ਆਪਣੀ ਪਤਨੀ ਬੇਨਾਸ਼ ਬਤੂਲ (30), ਲੜਕੀ ਦੇ ਚਾਚਾ ਫੈਜ਼ਲ ਮਲਿਕ (29) ਅਤੇ 5 ਬੱਚਿਆਂ ਸਮੇਤ ਪਾਕਿਸਤਾਨ ਭੱਜ ਗਿਆ ਸੀ। ਇਸਲਾਮਾਬਾਦ ਜਾ ਕੇ ਉਸ ਨੇ ਲੰਡਨ ਪੁਲਿਸ ਨੂੰ ਫੋਨ ਕਰਕੇ ਕਿਹਾ ਕਿ ਉਸ ਨੇ ਉਸ ਦੀ ਬੇਟੀ ਨੂੰ ਬੁਰੀ ਤਰ੍ਹਾਂ ਕੁੱਟਿਆ ਹੈ।

ਇਸ ਤੋਂ ਬਾਅਦ ਜਦੋਂ ਲੰਡਨ ਪੁਲਿਸ ਜਾਂਚ ਲਈ ਘਰ ਪਹੁੰਚੀ ਤਾਂ ਉਨ੍ਹਾਂ ਨੇ ਲੜਕੀ ਨੂੰ ਮ੍ਰਿਤਕ ਪਾਇਆ। ਪੁਲਸ ਨੂੰ ਲੜਕੀ ਕੋਲੋਂ ਇਕ ਨੋਟ ਵੀ ਮਿਲਿਆ ਹੈ। ਪੁਲਿਸ ਨੂੰ ਸਾਰਾ ਕੋਲੋਂ ਮਿਲੇ ਨੋਟ 'ਚ ਲਿਖਿਆ ਸੀ ਕਿ ਜੋ ਵੀ ਇਸ ਨੋਟ ਨੂੰ ਦੇਖ ਰਿਹਾ ਹੈ, ਮੈਂ ਉਰਫਾਨ ਸ਼ਰੀਫ ਹਾਂ। ਜਿਸ ਨੇ ਉਸ ਦੀ ਬੇਟੀ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ। ਮੈਂ ਭੱਜ ਰਿਹਾ ਹਾਂ ਕਿਉਂਕਿ ਮੈਂ ਡਰਦਾ ਹਾਂ। ਪਰ ਮੈਂ ਵਾਅਦਾ ਕਰਦਾ ਹਾਂ ਕਿ ਜਲਦੀ ਹੀ ਮੈਂ ਸਜ਼ਾ ਦਾ ਸਾਹਮਣਾ ਕਰਨ ਲਈ ਆਪਣੇ ਆਪ ਨੂੰ ਪੁਲਿਸ ਦੇ ਹਵਾਲੇ ਕਰ ਦਿਆਂਗਾ। ਮੈਂ ਪ੍ਰਮਾਤਮਾ ਦੀ ਸਹੁੰ ਖਾਂਦਾ ਹਾਂ ਕਿ ਮੇਰਾ ਮਕਸਦ ਉਸਨੂੰ ਮਾਰਨ ਦਾ ਨਹੀਂ ਸੀ, ਪਰ ਮੈਂ ਆਪਣਾ ਆਪਾ ਗੁਆ ਲਿਆ ਸੀ। ਪੁਲਿਸ ਨੇ ਤਿੰਨਾਂ ਖਿਲਾਫ਼ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਸੀ।

ਜਦੋਂ ਲੜਕੀ ਦੀ ਲਾਸ਼ ਮਿਲੀ ਤਾਂ ਉਸ ਦੇ ਸਰੀਰ 'ਤੇ ਸੱਟਾਂ, ਦੰਦਾਂ ਦੇ ਕੱਟਣ ਅਤੇ ਸੜਨ ਦੇ ਨਿਸ਼ਾਨ ਸਨ। ਪੋਸਟਮਾਰਟਮ ਰਿਪੋਰਟ 'ਚ ਪਤਾ ਲੱਗਾ ਹੈ ਕਿ ਲੜਕੀ ਦੀ ਕੁੱਟਮਾਰ ਕਰਕੇ ਹੱਤਿਆ ਕੀਤੀ ਗਈ ਹੈ। ਹਮਲੇ ਵਿੱਚ ਲੜਕੀ ਦੀਆਂ 25 ਹੱਡੀਆਂ, ਜਿਸ ਵਿੱਚ ਉਸ ਦੀਆਂ ਪਸਲੀਆਂ, ਮੋਢੇ ਅਤੇ ਰੀੜ੍ਹ ਦੀ ਹੱਡੀ ਵੀ ਟੁੱਟ ਗਈ ਸੀ।

# ਰੂਸ ਬੱਚੇ ਪੈਦਾ ਕਰਨ ਲਈ ਨਵਾਂ ਕਾਨੂੰਨ ਬਣਾਏਗਾ, ਘਟਦੀ ਆਬਾਦੀ ਦੇ ਚਲਦੇ ਲਿਆ ਫੈਸਲਾ



ਮਾਸਕੋ, 14 ਨਵੰਬਰ (ਪੋਸਟ ਬਿਊਰੋ): ਰੂਸੀ ਸਰਕਾਰ ਨਵਾਂ ਕਾਨੂੰਨ ਲਿਆਉਣ ਜਾ ਰਹੀ ਹੈ। ਇਸ ਕਾਨੂੰਨ ਦੇ ਤਹਿਤ ਦੇਸ਼ 'ਚ ਲੋਕਾਂ ਨੂੰ ਬੱਚੇ ਪੈਦਾ ਨਾ ਕਰਨ ਲਈ ਉਤਸ਼ਾਹਿਤ ਕਰਨ 'ਤੇ ਪਾਬੰਦੀ ਹੋਵੇਗੀ। ਕਿਸੇ ਵੀ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਕੋਈ ਅਜਿਹੀ ਸਮੱਗਰੀ ਨਹੀਂ ਚਲਾਈ ਜਾਵੇਗੀ ਜੋ ਲੋਕਾਂ ਨੂੰ ਬੱਚੇ ਪੈਦਾ ਕਰਨ ਤੋਂ ਰੋਕਦੀ ਹੈ।

ਰੂਸੀ ਸੰਸਦ ਦੇ ਹੇਠਲੇ ਸਦਨ ਸਟੇਟ ਡੂਮਾ ਨੇ ਵੀ 12 ਨਵੰਬਰ ਨੂੰ ਇਸ ਨਾਲ ਸਬੰਧਤ ਪ੍ਰਸਤਾਵ ਪਾਸ ਕੀਤਾ ਹੈ। ਹੁਣ ਇਸ ਨੂੰ 20 ਨਵੰਬਰ ਨੂੰ ਉਪਰਲੇ ਸਦਨ ਵਿੱਚ ਪੇਸ਼ ਕੀਤਾ ਜਾਵੇਗਾ। ਇੱਥੋਂ ਲੰਘਣ ਤੋਂ ਬਾਅਦ ਇਸ ਨੂੰ ਮਨਜ਼ੂਰੀ ਲਈ ਵਲਾਦੀਮੀਰ ਪੁਤਿਨ ਕੋਲ ਭੇਜਿਆ ਜਾਵੇਗਾ। ਪੁਤਿਨ ਦੀ ਮਨਜ਼ੂਰੀ ਮਿਲਣ ਤੋਂ ਬਾਅਦ ਇਹ ਕਾਨੂੰਨ ਲਾਗੂ ਹੋ ਜਾਵੇਗਾ।

ਦਰਅਸਲ, ਰੂਸ ਆਪਣੀ ਲਗਾਤਾਰ ਘਟਦੀ ਆਬਾਦੀ ਤੋਂ ਪ੍ਰੇਸ਼ਾਨ ਹੈ। ਦੇਸ਼ ਵਿੱਚ ਜੂਨ ਵਿੱਚ ਪੈਦਾ ਹੋਏ ਬੱਚਿਆਂ ਦੀ ਗਿਣਤੀ 1 ਲੱਖ ਤੋਂ ਘੱਟ ਰਹੀ। ਯੂਕਰੇਨ ਯੁੱਧ ਤੋਂ ਬਾਅਦ ਰੂਸ ਦੇ 6 ਲੱਖ ਤੋਂ ਵੱਧ ਲੋਕ ਮਾਰੇ ਜਾਂ ਅਪੰਗ ਹੋ ਚੁੱਕੇ ਹਨ। ਇਸ ਨਾਲ ਆਬਾਦੀ 'ਤੇ ਹੋਰ ਵੀ ਮਾੜਾ ਅਸਰ ਪਿਆ ਹੈ।

ਇਸ ਨਾਲ ਸਰਕਾਰ ਦੀ ਚਿੰਤਾ ਵਧ ਗਈ ਹੈ। ਰੂਸੀ ਸਰਕਾਰ ਇਸ ਤੋਂ ਉਭਰਨ ਦੀ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ। ਬੱਚੇ ਪੈਦਾ ਕਰਨ ਲਈ ਵੀ ਲੱਖਾਂ ਰੁਪਏ ਦਿੱਤੇ ਜਾ ਰਹੇ ਹਨ।

# ਸੋਨੀਆ ਸਿੱਧੂ ਨੇ ਬਰੈਂਪਟਨ ਸਿਟੀ ਹਾਲ ਵਿੱਚ 'ਚੌਥਾ ਸਲਾਨਾ ਵਰਲਡ ਡਾਇਬਟੀਜ਼-ਡੇਅ' ਮਨਾਉਣ ਦਾ ਸਮਾਗ਼ਮ ਕਰਵਾਇਆ





ਬਰੈਂਪਟਨ, 14 ਨਵੰਬਰ (ਪੋਸਟ ਬਿਊਰੋ): ਲੰਘੇ ਸ਼ੁੱਕਰਵਾਰ ਮੈਂਬਰ ਪਾਰਲੀਮੈਂਟ ਸੋਨੀਆ ਸਿੱਧੂ ਵੱਲੋਂ ਬਰੈਂਪਟਨ ਦੇ ਸਿਟੀ ਹਾਲ ਵਿੱਚ 'ਚੌਥੇ ਸਲਾਨਾ ਵਰਲਡ ਫਲੈਗ-ਰੇਜ਼ਿੰਗ'ਦੀ ਮੇਜ਼ਬਾਨੀ ਕੀਤੀ ਗਈ। ਇਹ ਸਮਾਗ਼ਮ ਲੱਖਾਂ ਦੀ ਗਿਣਤੀ ਵਿਚ ਡਾਇਬਟੀਜ਼ ਨਾਲ ਪ੍ਰਭਾਵਿਤ ਲੋਕਾਂ ਨੂੰ ਇਸ ਬੀਮਾਰੀ ਪ੍ਰਤੀ ਜਾਗਰੂਕ ਕਰਨ ਅਤੇ ਉਨ੍ਹਾਂ ਦੀ ਸਹਾਇਤਾ ਕਰਨ ਲਈ ਹਰ ਸਾਲ ਨਵੰਬਰ ਮਹੀਨੇ ਨੂੰ 'ਡਾਇਬਟੀਜ਼ ਮਹੀਨੇ' ਵਜੋਂ ਮਨਾਉਣ ਲਈ ਕੀਤਾ ਜਾਂਦਾ ਹੈ।

ਇਸ ਮੌਕੇ 'ਡਾਇਨਾਕੇਅਰ' ਵੱਲੋਂ ਡਾਇਬਟੀਜ਼ ਚੈੱਕ ਕਰਨ ਲਈ ਕੀਤੇ ਜਾਂਦੇ ਮੁਫ਼ਤ ਟੈੱਸਟਾਂ ਦੇ ਉਪਰਾਲਿਆਂ ਦੀ ਸਰਾਹਨਾ ਕਰਦਿਆਂ ਇਸ ਸਮਾਗ਼ਮ ਦੇ ਉਦਘਾਟਨੀ ਭਾਸ਼ਨ ਵਿੱਚ ਸੋਨੀਆ ਸਿੱਧੂ ਨੇ ਕਿਹਾ, "ਅਸੀਂ ਇੱਥੇ ਕੇਵਲ ਡਾਇਬਟੀਜ਼ ਦੇ ਵਿਰੁੱਧ ਝੰਡਾ ਝੁਲਾਉਣ ਲਈ ਹੀ ਇਕੱਤਰ ਨਹੀਂ ਹੋਏ, ਸਗੋਂ ਆਪਣੀ ਕਮਿਊਨਿਟੀ ਵਿੱਚ ਇਸ ਦੇ ਖ਼ਿਲਾਫ਼ ਆਵਾਜ਼ ਬੁਲੰਦ ਕਰਨ ਅਤੇ ਇਸ ਬੀਮਾਰੀਨਾਲ ਜੂਝ ਰਹੇ ਲੋਕਾਂ ਨੂੰ ਜਾਗਰੂਕ ਕਰਨ ਤੇ ਉਨ੍ਹਾਂ ਦੀ ਸਹਾਇਤਾ ਕਰਨ ਲਈ ਜੁੜੇ ਹਾਂ।"

ਇਸ ਸਮਾਗ਼ਮ ਵਿੱਚ ਸਰਕਾਰੀਨੁਮਾਇੰਦੇ ਜਿਨ੍ਹਾਂ ਵਿੱਚ ਬਰੈਂਪਟਨ ਦੇ ਮੇਅਰ ਪੈਟਰਿਕ ਬਰਾਊਨ, ਮੈਂਬਰ ਪਾਰਲੀਮੈਂਟ ਰੂਬੀ ਸਹੋਤਾ, ਮਨਿੰਦਰ ਸਿੱਧੂ, ਸ਼ਫ਼ਕਤ ਅਲੀ, ਕੌਂਸਲਰ ਨਵਜੀਤ ਕੌਰ ਬਰਾੜ, ਕਈ ਕਮਿਊਨਿਟੀ ਨੇਤਾ ਅਤੇ ਸਿਹਤ ਨਾਲ ਸਬੰਧਿਤ ਵੱਖ-ਵੱਖ ਸੰਸਥਾਵਾਂ ਡਾਇਬਟੀਜ਼ ਕੈਨੇਡਾ, ਜੇਡੀਆਰਐੱਫ਼, ਟੀ1ਡੀ, ਵਿਲੀਅਮ ਔਸਲਰ ਹੈੱਲਥ ਅਤੇ ਡਾਇਨਾਕ-ੇਅਰਦੇ ਨੁਮਾਇੰਦੇ ਸ਼ਾਮਲ ਸਨ। ਕਮਿਊਨਿਟੀ ਨੇਤਾਵਾਂ ਅਤੇ ਡਾਇਬਟੀਜ਼ ਨਾਲ ਲੜ ਰਹੇ ਕਈ ਮਰੀਜ਼ਾਂ ਵੱਲੋਂ ਵੀ ਇਸ ਮੌਕੇ ਆਪਣੇ ਵਿਚਾਰ ਸਾਂਝੇਕੀਤੇ ਗਏ।



ਬਿੱਲ ਸੀ-237ਜਿਸ ਨਾਲਕੈਨੇਡਾ ਵਿੱਚ 'ਨੈਸ਼ਨਲ ਫ਼ਰੇਮਵਰਕ' ਤਿਆਰ ਹੋਇਆ ਹੈ, ਦੇ ਹਵਾਲੇ ਨਾਲ ਡਾਇਬਟੀਜ਼ ਦੇ ਇਲਾਜ ਅਤੇ ਬਚਾਅ ਬਾਰੇ ਗੱਲ ਕਰਦਿਆਂ ਸੋਨੀਆ ਸਿੱਧੂ ਨੇ ਕਿਹਾ, "ਸਾਡੀ ਸਰਕਾਰ ਵੱਲੋਂਬਣਾਇਆ ਗਿਆ'ਫਾਰਮਾਕੇਅਰ ਲੈਜਿਸਲੇਸ਼ਨ' ਇਸ ਤੋਂ ਅਗਲਾ ਕਦਮ ਹੈ ਜਿਸ ਨਾਲ ਸਾਢੇ ਤਿੰਨ ਮਿਲੀਅਨ ਲੋਕ ਜੋ ਡਾਇਬਟੀਜ਼ ਨਾਲ ਲੜਾਈ ਲੜ ਰਹੇ ਹਨ, ਦੇ ਇਲਾਜ ਲਈ ਇਸ ਦੀਆਂ ਦਵਾਈਆਂ ਤੇ ਹੋਰ ਸਾਧਨਾਂ ਜਿਨ੍ਹਾਂ ਦੀ ਉਨ੍ਹਾਂ ਨੂੰ ਲੋੜ ਹੈ, ਦੀ ਮੁਫ਼ਤ ਪਹੁੰਚ ਨੂੰ ਯਕੀਨੀ ਬਣਾਇਆ ਗਿਆ ਹੈ।"

ਇਸ ਸਮਾਗ਼ਮ ਦੀ ਵਿਸ਼ੇਸ਼ਤਾ ਇਹ ਰਹੀ ਕਿ ਇਸ ਵਿਚ 'ਡਾਇਨ-ਾਕੇਅਰ' ਵੱਲੋਂ ਡਾਇਬਟੀਜ਼ ਚੈੱਕ ਕਰਨ ਲਈ ਲੋਕਾਂ ਦੇ ਮੁਫ਼ਤ ਟੈੱਸਟ ਕੀਤੇ ਜਾ ਰਹੇ ਸਨ ਅਤੇ ਉਨ੍ਹਾਂ ਨੂੰ ਇਸ ਬੀਮਾਰੀ ਸਬੰਧੀ ਜਾਣਕਾਰੀ ਦਿੱਤੀ ਜਾ ਰਹੀ ਸੀ। ਲੋਕਾਂ ਨੂੰ ਇਸ ਬੀਮਾਰੀ ਪ੍ਰਤੀ ਜਾਗਰੂਕ ਕਰਨਾ ਤਾਂ ਜੋ ਇਸ ਦੇ ਸ਼ੁਰੂਆਤੀ ਦੌਰ ਵਿਚ ਹੀ ਇਸ ਦਾ ਇਲਾਜ ਆਰੰਭਿਆ ਜਾਵੇ, 'ਨੈਸ਼ਨਲ ਫ਼ਰੇਮਵਰਕ ਫ਼ਾਰ ਡਾਇਬਟੀਜ਼' ਦਾਮਹੱਤਵਪੂਰਨ ਹਿੱਸਾ ਹੈ। ਮੋਬਾਇਲ ਕਲਿਨਿਕ ਦੇ ਸਿੱਖਿਅਤ ਕਰਮਚਾਰੀ ਲੋਕਾਂ ਦੀਡਾਇਬਟੀਜ਼ ਟੈੱਸਟ ਕਰਨ ਅਤੇ ਉਨ੍ਹਾਂ ਨੂੰ ਜਾਣਕਾਰੀ ਦੇਣ ਦਾ ਆਪਣਾ ਇਹ ਕੰਮ ਬਾਖ਼ੂਬੀ ਨਿਭਾਅ ਰਹੇ ਸਨ।

ਡਾਇਬਟੀਜ਼ ਦੀ ਅਗਲੇਰੀ ਖੋਜ ਅਤੇ ਇਸ ਦੇ ਇਲਾਜ ਲਈ ਸਾਰੀ ਦੁਨੀਆਂ ਦੇ ਦੇਸ਼ਾਂ ਦੀ ਅਗਵਾਈ ਕਰ ਰਿਹਾ ਹੈ। ਇਸ ਦੇ ਬਾਰੇ ਭਵਿੱਖ ਵਿਚ ਹੋਰਆਸਵੰਦ ਤੇ ਸਫ਼ਲ ਹੋਣ ਬਾਰੇ ਸੋਨੀਆ ਸਿੱਧੂ ਨੇ ਕਿਹਾ, "ਕੈਨੇਡਾ ਇਨਸੂਲੀਨ ਦੀ ਜਨਮ-ਭੂਮੀ ਹੈ ਅਤੇ ਇਸ ਸਮੇਂ ਚੱਲ ਰਹੀਆਂ ਖੋਜਾਂ ਅਤੇ ਅੱਗੋਂ ਹੋਰ ਵੀ ਹੋਣ ਵਾਲੀਆਂ ਸੰਭਾਨਾਵਾਂ ਨਾਲ ਮੈਨੂੰ ਪੱਕਾ ਭਰੋਸਾ ਹੈ ਕਿ ਅਸੀਂ ਟਾਈਪ-1 ਡਾਇਬਟੀਜ਼ ਦਾ ਇਲਾਜ ਲੱਭਣ ਵਿਚ ਵੀ ਕਾਮਯਾਬ ਹੋਵਾਂਗੇ।

ਸਮਾਗ਼ਮ ਦੀ ਸਮਾਪਤੀ ਸਮੂਹ ਕੈਨੇਡਾ-ਵਾਸੀਆਂ ਨੂੰ ਡਾਇਬਟੀਜ਼ ਬਾਰੇ ਚੱਲ ਰਹੀ ਖੋਜ ਬਾਰੇ ਕੀਤੇ ਜਾ ਰਹੇ ਉਪਰਾਲਿਆਂ ਦੀ ਸਫ਼ਲਤਾ ਲਈ ਆਵਾਜ਼ ਦਿੰਦਿਆਂ ਸੋਨੀਆ ਸਿੱਧੂ ਨੇ ਕਿਹਾ, "ਚਲੋ, ਡਾਇਬਟੀਜ਼ ਉੱਪਰ ਕਾਬੂ ਪਾਉਣਲਈ ਅਸੀਂ ਸਾਰੇ ਆਪਣੇ ਡਾਕਟਰਾਂ, ਖੋਜੀਆਂ ਅਤੇ ਡਾਇਬਟੀਜ਼ ਦੇ ਇਲਾਜ ਤੇ ਪ੍ਰਹੇਜ਼ ਲਈ ਆਵਾਜ਼ ਬੁਲੰਦ ਕਰਨ ਵਾਲਿਆਂ ਨੂੰ ਪੂਰਾ ਸਹਿਯੋਗ ਦੇਈਏ।"

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Harcharan S. Grover
Chartered Accountant
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

Allseas Fisheries Inc. is Hiring!
DZ licensed delivery drivers needed.
Pay is $24/hour. Full time, permanent
Should work any day of the week, including weekends.
If interested, please forward resume to rgidda@allseas.net

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
■ How your spouse can join you within 4-6 months
■ How your parents can join you
■ How students & skilled people can come to Canada
■ How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Services:
*Real Estate
*Residential, Commercial & Franchise
*Criminal Law
*Family Law
*Affidavit, Power Of Attorney & Notarization
*Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL

ਪਾਸਪੋਰਟ / ਵੀਜਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.

Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779

Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947

Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

# ਪੰਜਾਬੀ ਸੱਭਿਆਚਾਰ ਮੰਚ ਵੱਲੋਂ ਗਦਰੀ ਜਰਨੈਲ ਕਰਤਾਰ ਸਿੰਘ ਸਰਾਭਾ ਦਾ ਸ਼ਹੀਦੀ ਦਿਵਸ 16 ਨਵੰਬਰ ਮਨਾਇਆ ਜਾਏਗਾ

ਬਰੈਂਪਟਨ, 14 ਨਵੰਬਰ (ਬਾਸੀ ਹਰਚੰਦ): ਪੰਜਾਬੀ ਸੱਭਿਆਚਾਰ ਮੰਚ ਦੇ ਪ੍ਰਧਾਨ ਬਲਦੇਵ ਸਿੰਘ ਸਹਿਦੇਵ ਨੇ ਦਸਿਆ ਕਿ ਮੰਚ ਵੱਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਸ਼ਹੀਦੀ ਦਿਵਸ 16 ਨਵੰਬਰ ਦਿਨ ਸ਼ਨਿੱਚਰਵਾਰ ਨੂੰ 12-00 ਤੋਂ 4-00 ਵਜੇ ਤੱਕ ਵਿਲਿਜ ਆਫ ਇੰਡੀਆ ਰੈਸਟੋਰੈਂਟ ਦੇ ਪਿਛਲੇ ਪਾਸੇ ਪੰਜਾਬੀ ਭਵਨ ) ਹਾਲ ਵਿੱਚ ਮਨਾਇਆ ਜਾ ਰਿਹਾ ਹੈ। ਭਾਰਤ ਨੂੰ ਅੰਗਰੇਜ਼ ਹਕੂਮਤ ਦੇ ਫੰਧੇ ਤੋਂ ਅਜਾਦੀ ਲਈ ਕੀਤੇ ਜਾ ਯਤਨਾਂ ਵਿੱਚ ਗਦਰ ਪਾਰਟੀ ਦਾ ਬਹੁਤ ਅਹਿਮ ਰੋਲ ਰਿਹਾ ਹੈ । ਇਸ ਲੜਾਈ ਵਿੱਚ ਸੈਕੜੇ ਲੋਕ ਜੋ ਬਿਦੇਸ਼ਾਂ ਖਾਸ ਕਰਕੇ ਅਮਰੀਕਾ ਕੇਨੇਡਾ ਵਿੱਚ ਕਮਾਈ ਕਰਨ ਗਏ ਸਨ ਆਪਣੇ ਦੇਸ ਭਾਰਤ ਨੂੰ ਅਜਾਦ ਕਰਾਉਣ ਲਈ ਡੂੰਘੀ ਤੜਪ ਉਠੀ ਅਤੇ ਉਹਨਾਂ ਗਦਰ ਪਾਰਟੀ ਦਾ ਗਠਨ ਕੀਤਾ।

ਉਨ੍ਹਾਂ ਗਦਰ ਪਾਰਟੀ ਦਾ ਅਖਬਾਰ ਗਦਰ ਨਾਮ ਦਾ ਅਖਬਾਰ ਕਢਿਆਂ। ਜਿਸ ਵਿੱਚ ਭਾਰਤੀਆਂ ਨੂੰ ਅਜਾਦੀ ਦੀ ਲੜਾਈ ਵਿੱਚ ਪ੍ਰੇਰਨ ਲਈ ਖਬਰਾਂ ਗੀਤ ਲੇਖ ਛਪਦੇ ਰਹੇ । ਸੈਂਕੜੇ ਲੋਕ ਸੰਗਠਤ ਹੋ ਕੇ ਹਥਿਆਰਾਂ ਸਮੇਤ ਭਾਰਤ ਵੱਲ ਚੱਲ ਪਏ। ਜਿਥੇ ਹੋਰ ਅਨੇਕਾਂ ਸੂਰਬੀਰਾਂ ਇਸ ਲੜਾਈ ਲਈ ਜਾਨਾਂ ਵਾਰੀਆਂ ਉਹਨਾਂ ਵਿੱਚੋਂ ਇੱਕ ਸਤਾਰਾਂ ਕੁ ਸਾਲ ਦਾ ਨੌਜਵਾਨ ਕਰਤਾਰ ਸਿੰਘ ਸਰਾਭਾ ਸੀ। ਜਿਸ ਦੀਆਂ ਸਰਗਰਮੀਆਂ ਇੱਕ ਕਰਾਮਾਤੀ ਬੰਦੇ



ਵਾਗੂੰ ਸਨ । ਉਸ ਨੂੰ ਬੜੀ ਛੋਟੀ ਉਮਰ ਵਿੱਚ ਮੌਤ ਦੀ ਸਜ਼ਾ ਦੇ ਕੇ 16 ਨਵੰਬਰ 1915 ਨੂੰ ਸਿਰਫ ਉਨੀ ਸਾਲ ਦੀ ਉਮਰ ਵਿੱਚ ਫਾਸੀ ਦੇ ਦਿਤੀ । ਉਸ ਨੇ ਦੇਸ ਅਜ਼ਾਦ ਕਰਾਉਣ ਲਈ ਜੋ ਜੋ ਸਰਗਰਮੀਆਂ ਕੀਤੀਆਂ ਉਹ ਆਪਣੇ ਆਪ ਵਿੱਚ ਹੈਰਾਨੀ ਕਰਨ ਵਾਲੀਆਂ ਹਨ। ਇੰਨੀ ਛੋਟੀ ਉਮਰ ਅਤੇ ਇੰਨੇ ਵੱਡੇ ਕਾਰਨਾਮੇ। ਆਓ ! ਅਜਿਹੇ ਸੂਰਬੀਰਾਂ ਦੀ ਕੁਰਬਾਨੀ ਅਤੇ ਆਪਣੀ ਜਰਖੇਜ ਵਿਰਾ-ਸਤ ਨੂੰ ਯਾਦ ਕਰੀਏ ਅਤੇ ਮਾਤ ਭੂਮੀ ਦੇ ਦਬੇ ਕੁਚਲੇ ਲੋਕਾਂ ਦੀ ਅਸਲ ਅਜ਼ਾਦੀ ਦੇ ਪਰਚਮ ਨੂੰ ਉੱਚਾ ਰੱਖੀਏ। ਸੱਭ ਪ੍ਰਗਤੀਸ਼ੀਲ , ਬੁਧੀਜੀਵੀਆਂ ਅਤੇ ਲੋਕਾਂ ਨੂੰ ਸ਼ਾਮਲ ਹੋਣ ਲਈ ਖੁਲਾ ਸੱਦਾ ਦਿਤਾ ਜਾਂਦਾ ਹੈ । ਵਧੀਆ ਬੁਲਾਰਿਆਂਨੂੰ ਸੁਨਣ ਦਾ ਮੌਕਾ ਮਿਲੇਗਾ । ਵਧੀਆ ਸਬੰਧਤ ਗੀਤ ਕਵਿਤਾ ਪੜਣ ਵਾਲਿਆਂ ਨੂੰ ਸਮਾਂ ਦਿੱਤਾ ਜਾਏਗਾ । ਚਾਹ ਸਨੈਕਸ ਦਾ ਪ੍ਰਬੰਧ ਹੋਵੇਗਾ

# ਪੰਜਾਬ ਭਵਨ ਵਿਖੇ ਲੱਗਣੀਆਂ ਸ਼ੁਰੂ ਹੋਈਆਂ ਪੰਜਾਬੀ ਸਾਹਿਤਕਾਰਾਂ ਦੀਆਂ ਤਸਵੀਰਾਂ

ਨਵੀਂ ਦਿੱਲੀ, 14 ਨਵੰਬਰ (ਪੋਸਟ ਬਿਊਰੋ): ਭਾਸ਼ਾ ਵਿਭਾਗ ਵੱਲੋਂ ਪਿਛਲੇ ਸਮੇਂ 'ਚ ਫੈਸਲਾ ਕੀਤਾ ਗਿਆ ਸੀ ਕਿ ਦਿੱਲੀ ਵਿਖੇ ਸਥਿਤ ਪੰਜਾਬ ਭਵਨ ਵਿੱਚ ਪੰਜਾਬੀ ਸਾਹਿਤ, ਭਾਸ਼ਾ ਅਤੇ ਚਿੰਤਨ ਦੇ ਉਘੇ ਸਿਤਾਰਿਆਂ ਦੀਆਂ ਤਸਵੀਰਾਂ ਲਗਾਈਆਂ ਜਾਣਗੀਆਂ। ਇਸ ਦੀ ਪਹਿਲੀ ਕਿਸ਼ਤ ਵਜੋਂ ਅੱਜ 10 ਤਸਵੀਰਾਂ ਪੰਜਾਬ ਭਵਨ ਦੇ ਏ-ਬਲਾਕ ਦੇ ਵਰਾਂਡਿਆਂ ਅਤੇ ਗੈਲਰੀਆਂ ਵਿੱਚ ਲਗਾਈਆਂ ਗਈਆਂ ਹਨ।

ਪ੍ਰਵੇਸ਼ ਮੰਜ਼ਿਲ 'ਤੇ ਆਧੁਨਿਕ ਪੰਜਾਬੀ ਸਾਹਿਤ ਦੇ ਮੋਢੀ ਭਾਈ ਵੀਰ ਸਿੰਘ ਅਤੇ ਜਗਤ ਪ੍ਰਸਿਧ ਪੰਜਾਬੀ ਲੇਖਿਕਾ ਅੰਮ੍ਰਿਤਾ ਪ੍ਰੀਤਮ ਦੀਆਂ ਤਸਵੀਰਾਂ ਸੁਸ਼ੋਭਿਤ ਕੀਤੀਆਂ ਗਈਆਂ ਹਨ। ਪਹਿਲੀ ਮੰਜ਼ਲਿ 'ਤੇ ਮੁੱਖ ਮੰਤਰੀ ਪੰਜਾਬ ਦੇ ਦਫ਼ਤਰੀ ਕਮਰੇ ਨੇੜੇ ਪੰਜਾਬੀ ਦੇ ਤਿੰਨ ਉੱਘੇ ਕਾਵਿ-ਸਿਤਾਰਿਆਂ ਸ਼ਿਵ ਕੁਮਾਰ ਬਟਾਲਵੀ, ਪਾਸ਼ ਅਤੇ ਸੁਰਜੀਤ ਪਾਤਰ ਦੀਆਂ ਤਸਵੀਰਾਂ ਲਗਾਈਆਂ ਗਈਆਂ ਹਨ। ਇਸੇ ਤਰ੍ਹਾਂ ਦੂਜੀ ਮੰਜ਼ਿਲ 'ਤੇ



ਪੰਜਾਬੀ ਨਾਟਕ ਦੇ ਪਿਤਾਮਾ ਈਸ਼ਵਰ ਚੰਦਰ ਨੰਦਾ ਅਤੇ ਪੰਜਾਬੀ ਕਲਾ ਦੇ ਸ਼ਾਹਜਹਾਂ ਡਾ. ਮਹਿੰਦਰ ਸਿੰਘ ਰੰਧਾਵਾ ਦੀਆਂ ਤਸਵੀਰਾਂ ਲਗਾਈਆਂ ਗਈਆਂ ਹਨ। ਤੀਸਰੀ ਮੰਜ਼ਲਿ ਤੇ ਪ੍ਰਗਤੀਵਾਦੀ ਸ਼ਾਇਰਾਂ ਬਾਵਾ ਬਲਵੰਤ, ਲਾਲ ਸਿੰਘ ਦਿਲ ਦੇ ਨਾਲ ਨਾਲ ਪੰਜਾਬੀ ਬੋਲੀ ਦੇ ਸ਼ੁਦਾਈ ਕਵੀ ਫਿਰੋਜ਼ਦੀਨ ਸ਼ਰਫ਼ ਸਾਹਿਬ ਦੀਆਂ ਤਸਵੀਰਾਂ ਲੱਗ ਗਈਆਂ ਹਨ।

ਇਸ ਮੌਕੇ 'ਤੇ ਭਾਸ਼ਾ ਵਿਭਾਗ ਦੇ ਡਾਇਰੈਕਟਰ ਸ. ਜਸਵੰਤ ਸਿੰਘ ਜ਼ਫ਼ਰ ਨੇ ਦੱਸਿਆ ਕਿ ਆਉਣ ਵਾਲੇ ਸਮੇਂ ਵਿੱਚ ਕੁਲ 100 ਦੇ ਕਰੀਬ ਪੰਜਾਬੀ ਦੇ ਸਵਰਗੀ ਕਵੀਆਂ, ਲੇਖਕਾਂ, ਚਿੰਤਕਾਂ ਅਤੇ ਭਾਸ਼ਾ ਕਰਮੀਆਂ ਦੀਆਂ ਤਸਵੀਰਾਂ ਪੰਜਾਬ ਭਵਨ ਦੇ ਦੋਨਾਂ ਬਲਾਕਾਂ ਦੀਆਂ ਸਾਰੀਆਂ ਮੰਜਲਾਂ ਤੇ ਸਥਾਪਿਤ ਕੀਤੀਆਂ ਜਾਣਗੀਆਂ।

ਉਨ੍ਹਾਂ ਦੱਸਿਆ ਕਿ ਪੰਜਾਬ ਭਵਨ ਦੀ ਡਿਓਢੀ ਵਿੱਚ ਭਾਸ਼ਾ ਵਿਭਾਗ ਦੀਆਂ ਪ੍ਰਕਾਸ਼ਤ ਪੁਸਤਕਾਂ ਦੀ ਪ੍ਰਦਰਸ਼ਨੀ ਲੱਗਣ ਨਾਲ ਵਿਭਾਗ ਦੇ ਸਥਾਨਕ ਦਫਤਰ 'ਤੇ ਕਿਤਾਬਾਂ ਦੇ ਵਿਕਰੀ ਕੇਂਦਰ ਵਿਖੇ ਪਾਠਕਾਂ ਦਾ ਰੁਝਾਨ ਕਾਫ਼ੀ ਵਧਿਆ ਹੈ ਅਤੇ ਕਿਤਾਬਾਂ ਦੀ ਵਿਕਰੀ ਵਿੱਚ ਕਾਫੀ ਵਾਧਾ ਹੋਇਆ ਹੈ। ਇਸ ਮੌਕੇ ਰੈਜੀਡੈਂਟ ਕਮਿਸ਼ਨਰ ਸ਼ਰੂਤੀ ਸਿੰਘ ਨੇ ਦੱਸਿਆ ਕਿ ਪੰਜਾਬ ਭਵਨ ਦੇ ਕਮਰਿਆਂ ਦੇ ਅੰਦਰ ਵੀ ਪੰਜਾਬ ਦੀ ਰੂਹ ਨੂੰ ਦਰਸਾਉਂਦੀਆਂ ਕਲਾ ਕਿਰਤਾਂ ਪ੍ਰਦਰਸ਼ਤ ਕੀਤੀਆਂ ਜਾਣਗੀਆਂ। ਜਿਸ ਤਰ੍ਹਾਂ ਇਹ ਤਸਵੀਰਾਂ ਲਗਾਉਣ ਵਿੱਚ ਭਾਸ਼ਾ ਵਿਭਾਗ ਨੇ ਉਹਨਾਂ ਦੀ ਸਹਾਇਤਾ ਕੀਤੀ ਹੈ ਉਹ ਪੰਜਾਬ ਕਲਾ ਪ੍ਰੀਸ਼ਦ ਦੀਆਂ ਸੇਵਾਵਾਂ ਵੀ ਲੈਣਗੇ। ਉਹਨਾਂ ਵੱਲੋਂ ਇਹ ਵੀ ਦੱਸਿਆ ਗਿਆ ਕਿ ਪੰਜਾਬ ਭਵਨ ਵਿਖੇ ਸਥਿਤ ਪੰਜਾਬੀ ਸਾਹਿਤ ਕੇਂਦਰ ਦੀ ਸਾਂਭ ਸੰਭਾਲ ਅਤੇ ਦਿੱਖ ਸੁਧਾਰਨ ਦਾ ਕਾਰਜ ਪਹਿਲ ਦੇ ਆਧਾਰ ਤੇ ਕੀਤਾ ਜਾਵੇਗਾ। ਇਸ ਮੌਕੇ ਡਿਪਟੀ ਰੈਜੀਡੈਂਟ ਕਮਿਸ਼ਨਰ ਅਸਿਤਾ ਸ਼ਰਮਾ, ਭਾਸ਼ਾ ਵਿਭਾਗ ਪੰਜਾਬ ਦੇ ਸਹਾਇਕ ਡਾਇਰੈਕਟਰ ਅਲੋਕ ਚਾਵਲਾ ਅਤੇ ਸਥਾਨਕ ਦਫਤਰ ਦੀ ਇੰਚਾਰਜ ਕਰੁਣਾ ਵੀ ਮੌਜੂਦ ਸਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਰਾਮਗੜ੍ਹੀਆ ਸਿੱਖ ਲੜਕਾ, 26 ਸਾਲ, 5ਫੁੱਟ, 9ਇੰਚ, ਵਰਕ ਪਰਮਿਟ, ਟਰੱਕ ਡਰਾਈਵਰ, ਨਾਨਡ੍ਰਿੰਕਿੰਗ ਲਈ, ਪੀ.ਆਰ./ਸਿਟੀਜ਼ਨ ਲੜਕੀ ਦੀ ਲੋੜ। ਸੰਪਰਕ: sukh25125@gmail.com ਜਾਂ ਵਟਸਐਪ +16723355016, ਕੋਈ ਜਾਤੀ ਬੰਧਨ ਨਹੀਂ। ਮੈਰਿਜ ਬਿਊਰੋ ਵਾਲੇ ਮੁਆਫ ਕਰਨ।

ਲੁਬਾਣਾ ਸਿੱਖ, 1989 ਕਲੀਨਸ਼ੇਵ, ਗੋਰਾ ਰੰਗ, ਕੱਦ 5'8, ਕੈਨੇਡਾ ਵਿੱਚ ਸਥਾਈ ਨਿਵਾਸੀ (**Italian citizen**) ਲਈ ਖ਼ੂਬਸੂਰਤ ਅਤੇ ਪੜ੍ਹੀ ਲਿਖੀ ਲੜਕੀ ਦੀ ਲੋੜ। ਸੰਪਰਕ- 647-449-6746 ਜਾਂ 250-793-0527

Sikh Tonk kashtriya Boy Feb/1993 Born, height 5.11", B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈੱਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉੱਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, 28 ਸਾਲ, 5'6", ਕੇਨੈਡਾ ਵਿੱਚ ਵਿਜਟਰ ਵੀਜ਼ੇ 'ਤੇ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜਨ/ਪੀ.ਆਰ. ਜੱਟ ਸਿੱਖ ਲੜਕੇ ਦੀ ਜ਼ਰੂਰਤ। ਸੰਪਰਕ: 647-203-7573

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## ਲੜਕੇ ਦੀ ਲੋੜ

ਗਿੱਲ ਜੱਟ ਸਿੱਖ, 1992, ਇਕਲੌਤੀ, B.Tech. ਲੜਕੀ ਲਈ ਗੁਰਸਿੱਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁੱਟ 4", ਬੀ.ਏ ਪਾਸ, ਹੇਅਰ ਐਂਡ ਸਕਿੱਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ 'ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈੱਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11" ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

You can Place Your Business Here (905)793-2202
To Reach Wider Audience
For more info Call 905-793-2202 or e-mail ads@punjabipost.ca

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

You can Place Your Business Here (905)793-2202
To Reach Wider Audience
For more info Call 905-793-2202 or e-mail ads@punjabipost.ca

Allseas Fisheries Inc. is Hiring!
DZ licensed delivery drivers needed.
Pay is $24/hour. Full time, permanent
Should work any day of the week, including weekends.
If interested, please forward resume to rgidda@allseas.net

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਢਨੋਆ

ਸੈਲ ਐਡ ਫਿਕਸ
ਟ੍ਰਕ ਡਰਾਇਵਰਾਂ ਤੇ ਸਟੂਡੈਂਟਾਂ ਲਈ ਧਮਾਕੇਦਾਰ ਤੇ ਸਸਤੇ ਫੋਨ ਪਲੈਨ।
ਫੋਨ: 905-790-9999
2565 Steeles Ave E unit 3, Brampton, ON L6T 4L6

# ਯੂ.ਕੇ. ਅਧਾਰਤ ਜਬਰੀ ਵਸੂਲੀ ਵਾਲੇ ਸਿੰਡੀਕੇਟ ਸਮੇਤ ਦੋ ਗਿਰੋਹਾਂ ਦਾ ਕੀਤਾ ਪਰਦਾਫਾਸ਼, 7 ਪਿਸਤੌਲਾਂ ਸਮੇਤ 10 ਕਾਬੂ

**– ਪੰਜਾਬ ਪੁਲਿਸ ਨੇ ਸੂਬੇ ਵਿੱਚ ਵਿਦੇਸ਼ੀ ਹਮਾਇਤ ਵਾਲੇ ਅਪਰਾਧਾਂ ਨੂੰ ਠੱਲ੍ਹ ਪਾਉਂਦਿਆਂ ਫਿਰੌਤੀ ਅਤੇ ਗੋਲੀਬਾਰੀ ਦੀਆਂ 14 ਵਰਦਾਤਾਂ ਨੂੰ ਸਫਲਤਾਪੂਰਵਕ ਕੀਤਾ ਟਰੇਸ: ਡੀਜੀਪੀ ਗੌਰਵ ਯਾਦਵ**





ਚੰਡੀਗੜ੍ਹ, 14 ਨਵੰਬਰ (ਪੋਸਟ ਬਿਊਰੋ): ਕੌਮਾਂਤਰੀ ਸੰਗਠਿਤ ਅਪਰਾਧਾਂ ਨੂੰ ਵੱਡਾ ਝਟਕਾ ਦਿੰਦਿਆਂ, ਜਲੰਧਰ ਦਿਹਾਤੀ ਪੁਲਿਸ ਨੇ 10 ਕੱਟੜ ਅਪਰਾਧੀਆਂ ਨੂੰ ਗ੍ਰਿਫ਼ਤਾਰ ਕਰਕੇ ਯੂ.ਕੇ. ਅਧਾਰਿਤ ਜਬਰੀ ਵਸੂਲੀ ਵਾਲੇ ਸਿੰਡੀਕੇਟ ਸਮੇਤ ਦੋ ਵੱਖ-ਵੱਖ ਅਪਰਾਧਿਕ ਗਰੋਹਾਂ ਨੂੰ ਨਸ਼ਟ ਕਰ ਦਿੱਤਾ ਹੈ। ਪੁਲਿਸ ਟੀਮਾਂ ਨੇ ਉਨ੍ਹਾਂ ਕੋਲੋਂ 7 ਪਿਸਤੌਲਾਂ ਸਮੇਤ 18 ਜਿੰਦਾ ਕਾਰਤੂਸ ਅਤੇ 10 ਮੈਗਜ਼ੀਨਾਂ ਬਰਾਮਦ ਕੀਤੀਆਂ ਹਨ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।

ਪੁਲਿਸ ਟੀਮਾਂ ਨੇ ਗ੍ਰਿਫ਼ਤਾਰ ਕੀਤੇ ਵਿਅਕਤੀਆਂ ਵੱਲੋਂ ਅਪਰਾਧਿਕ ਗਤੀਵਿਧੀਆਂ ਨੂੰ ਅੰਜਾਮ ਦੇਣ ਲਈ ਵਰਤੀ ਜਾ ਰਹੀ ਟੋਇਟਾ ਕੋਰੋਲਾ ਐਲਟਿਸ ਕਾਰ, ਜੁਪੀਟਰ ਸਕੂਟਰ, ਪਲੈਟੀਨਾ ਮੋਟਰਸਾਈਕਲ ਅਤੇ ਐਕਟਿਵਾ ਸਕੂਟਰ ਨੂੰ ਵੀ ਜ਼ਬਤ ਕੀਤਾ ਹੈ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਇਹ ਸਿੰਡੀਕੇਟ ਸਰਹੱਦ ਪਾਰੋਂ ਕਾਰਵਾਈਆਂ ਨੂੰ ਅੰਜ਼ਾਮ ਦਿੰਦਾ ਸੀ ਅਤੇ ਇਸ ਦੇ ਪ੍ਰਮੁੱਖ ਸੰਚਾਲਕ ਯੂ.ਕੇ., ਗ੍ਰੀਸ ਅਤੇ ਮਨੀਲਾ ਵਿੱਚ ਬੈਠ ਕੇ ਪੰਜਾਬ ਵਿੱਚ ਫਿਰੌਤੀ ਅਤੇ ਗੋਲੀਬਾਰੀ ਦੀਆਂ ਵਾਰਦਾਤਾਂ ਨੂੰ ਅੰਜ਼ਾਮ ਦੇਣ ਦੇ ਨਿਰਦੇਸ਼ ਦਿੰਦੇ ਸਨ। ਇਸ ਤੋਂ ਇਲਾਵਾ, ਜਲੰਧਰ ਦਿਹਾਤੀ ਪੁਲਿਸ ਨੇ ਮੱਧ ਪ੍ਰਦੇਸ਼ ਤੋਂ ਚਲਾਏ ਜਾ ਰਹੇ ਹਥਿਆਰਾਂ ਦੀ ਖਰੀਦ ਸਬੰਧੀ ਨੈੱਟਵਰਕ ਦਾ ਵੀ ਪਰਦਾਫਾਸ਼ ਕੀਤਾ ਹੈ।

ਉਨ੍ਹਾਂ ਕਿਹਾ ਕਿ ਦੋ ਮਾਡਿਊਲਾਂ ਨੂੰ ਨਸ਼ਟ ਕਰਨ ਨਾਲ, ਪੰਜਾਬ ਪੁਲਿਸ ਨੇ ਫਿਰੌਤੀ ਅਤੇ ਗੋਲੀਬਾਰੀ ਦੀਆਂ ਘੱਟੋ-ਘੱਟ 14 ਵਾਰਦਾਤਾਂ ਨੂੰ ਸਫ਼ਲਤਾਪੂਰਵਕ ਟਰੇਸ ਕੀਤਾ ਹੈ, ਜਿਸ ਨਾਲ ਸੂਬੇ ਵਿੱਚ ਵਿਦੇਸ਼ੀ ਹਮਾਇਤ ਪ੍ਰਾਪਤ ਅਪਰਾਧਾਂ ਨੂੰ ਕਾਫੀ ਹੱਦ ਤੱਕ ਠੱਲ੍ਹ ਪਾਈ ਗਈ ਹੈ।

ਡੀਜੀਪੀ ਨੇ ਕਿਹਾ ਕਿ ਇਸ ਮਾਮਲੇ ਵਿੱਚ ਅਗਲੇ-ਪਿਛਲੇ ਸਬੰਧ ਸਥਾਪਤ ਕਰਨ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ।

ਸੀਨੀਅਰ ਕਪਤਾਨ ਪੁਲਿਸ (ਐਸ.ਐਸ.ਪੀ.) ਜਲੰਧਰ ਦਿਹਾਤੀ ਹਰਕਮਲ ਪ੍ਰੀਤ ਸਿੰਘ ਖੱਖ ਨੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਪਹਿਲੀ ਸਫਲਤਾ ਉਸ ਸਮੇਂ ਮਿਲੀ ਜਦੋਂ ਐਸਐਚਓ ਥਾਣਾ ਲੋਹੀਆਂ ਯਾਦਵਿੰਦਰ ਸਿੰਘ ਦੀ ਅਗਵਾਈ ਵਾਲੀ ਪੁਲਿਸ ਟੀਮ ਨੇ ਗਿੱਦੜਪਿੰਡੀ ਹਾਈਟੈਕ ਟੋਲ ਪਲਾਜ਼ਾ ਨੇੜੇ ਇੱਕ ਟੋਇਟਾ ਕੋਰੋਲਾ ਐਲਟਿਸ (ਪੀਬੀ-65-ਐਚ-9100) ਨੂੰ ਰੋਕਿਆ ਅਤੇ ਕਾਰ ਦੀ ਤਲਾਸ਼ੀ ਦੌਰਾਨ ਦੋ .32 ਬੋਰ ਦੇ ਪਿਸਤੌਲ ਸਮੇਤ ਛੇ ਜਿੰਦਾ ਕਾਰਤੂਸ ਅਤੇ ਪੰਜ ਮੈਗਜ਼ੀਨ ਬਰਾਮਦ ਕਰਕੇ ਤਿੰਨ ਸ਼ੱਕੀ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਅਮਨਦੀਪ ਸਿੰਘ ਉਰਫ਼ ਅਮਨ ਵਾਸੀ ਬਿੱਲੀ ਬੜੈਚ, ਜਗਵਿੰ-ਦਰ ਸਿੰਘ ਉਰਫ਼ ਸ਼ਨੀ ਵਾਸੀ ਮੂਲੇਵਾਲ ਖਹਿਰਾ ਅਤੇ ਜਸਕਰਨ ਸਿੰਘ ਉਰਫ਼ ਸਾਰਾ ਵਾਸੀ ਸਿੱਧਵਾਂ ਦੋਨਾ ਵਜੋਂ ਹੋਈ ਹੈ।

ਐਸਐਸਪੀ ਨੇ ਦੱਸਿਆ ਕਿ ਪੁੱਛਗਿੱਛ ਦੌਰਾਨ ਮੁਲਜ਼ਮਾਂ ਨੇ ਖੁਲਾਸਾ ਕੀਤਾ ਕਿ ਇਹ ਕਾਰਵਾਈਆਂ ਯੂ.ਕੇ. ਅਧਾਰਤ ਮੁੱਖ ਸਰਗਣਾ ਜਗਦੀਪ ਸਿੰਘ ਉਰਫ ਜੱਗਾ, ਗ੍ਰੀਸ ਅਧਾਰਤ ਪਰਮਜੀਤ ਸਿੰਘ ਉਰਫ ਪੰਮਾ ਵੱਲੋਂ ਦਿੱਤੀ ਜਾਣ ਵਾਲੀ ਵਿੱਤੀ ਸਹਾਇਤਾ ਅਤੇ ਮਨੀਲਾ ਅਧਾਰਤ ਮਨਜਿੰਦਰ ਸਿੰਘ ਉਰਫ ਮਨੀ ਦੁਆਰਾ ਲੌਜਿਸਟਿਕਲ ਤਾਲਮੇਲ ਜ਼ਰੀਏ ਚਲਾਈਆਂ ਜਾ ਰਹੀਆਂ ਸਨ। ਉਹਨਾਂ ਅੱਗੇ ਦੱਸਿਆ ਕਿ ਗਿਰੋਹ ਨੇ ਹਾਲ ਹੀ ਵਿੱਚ ਆਪਣੇ ਵਿਦੇਸ਼ੀ ਹੈਂਡਲਰਾਂ ਦੇ ਕਹਿਣ 'ਤੇ ਮੱਧ ਪ੍ਰਦੇਸ਼ ਦੇ ਖਰਗੋਨ ਸ਼ਹਿਰ ਤੋਂ ਪਿਸਤੌਲਾਂ ਖ਼ਰੀਦੀਆਂ ਸਨ।

ਉਨ੍ਹਾਂ ਦੱਸਿਆ ਕਿ ਅਗਲੇਰੀ ਕਾਰਵਾਈ ਦੌਰਾਨ ਪੁਲਿਸ ਟੀਮ ਨੇ ਗਰੋਹ ਦੇ ਤਿੰਨ ਹੋਰ ਮੈਂਬਰਾਂ ਦੀ ਪਹਿਚਾਣ ਅਜੈ ਕੁਮਾਰ ਉਰਫ਼ ਬਿੱਲਾ ਵਾਸੀ ਸ਼ਾਹਜਹਾਨਪੁਰ, ਵਿਸ਼ਾਲ ਵਾਸੀ ਸੀਨਪੁਰਾ, ਕਪੂਰਥਲਾ ਅਤੇ ਦੋਨੇਵਾਲ ਦੇ ਇੱਕ ਨਾਬਾਲਗ ਵਜੋਂ ਕੀਤੀ ਹੈ। ਉਹਨਾਂ ਅੱਗੇ ਦੱਸਿਆ ਕਿ ਪੁਲਿਸ ਟੀਮ ਨੇ ਉਨ੍ਹਾਂ ਦੇ ਕਬਜ਼ੇ 'ਚੋਂ ਇੱਕ ਹੋਰ .32 ਬੋਰ ਦੀ ਪਿਸਤੌਲ ਸਮੇਤ ਤਿੰਨ ਜ਼ਿੰਦਾ ਕਾਰਤੂਸ ਅਤੇ ਜੁਪੀਟਰ ਸਕੂਟਰ (ਪੀ.ਬੀ.09-ਏ.ਕੇ.-8740), ਜਿਸ 'ਤੇ ਉਹ ਸਫਰ ਕਰ ਰਹੇ ਸਨ, ਬਰਾਮਦ ਕੀਤਾ ਹੈ।

ਉਨ੍ਹਾਂ ਦੱਸਿਆ ਕਿ ਇਹ ਨਾਮੀ ਗਿਰੋਹ ਤਿੰਨ ਵੱਡੀਆਂ ਅਪਰਾਧਿਕ ਵਾਰਦਾਤਾਂ ਵਿੱਚ ਸ਼ਾਮਲ ਪਾਇਆ ਗਿਆ, ਜਿਸ ਵਿੱਚ ਜਗਦੀਪ ਉਰਫ਼ ਜੱਗਾ ਦੇ ਨਿਰਦੇਸ਼ਾਂ 'ਤੇ ਭੁਲੱਥ ਦੇ ਇੱਕ ਵਪਾਰੀ ਨੂੰ ਨਿਸ਼ਾਨਾ ਬਣਾਉਣ ਸਬੰਧੀ ਗੋਲੀ ਕਾਂਡ, ਹਥਿਆਰਾਂ ਦੀ ਬਰਾਮਦਗੀ ਅਤੇ ਮੱਧ ਪ੍ਰਦੇਸ਼ ਤੋਂ ਹਥਿਆਰਾਂ ਦੀ ਖਰੀਦ ਸਬੰਧੀ ਮਾਮਲੇ ਸ਼ਾਮਲ ਹਨ।

ਐਸਐਸਪੀ ਖੱਖ ਨੇ ਕਿਹਾ ਕਿ ਇਸ ਕਾਰਵਾਈ ਨੇ ਸਾਡੇ ਖੇਤਰ ਵਿੱਚ ਕਾਰਜਸ਼ੀਲ ਅੰਤਰਰਾਸ਼ਟਰੀ ਅਪਰਾਧਾਂ ਦੇ ਨੈੱਟਵਰਕ ਨੂੰ ਇੱਕ ਵੱਡਾ ਝਟਕਾ ਦਿੱਤਾ ਹੈ।

ਐਸਐਸਪੀ ਨੇ ਦੱਸਿਆ ਕਿ ਇੱਕ ਹੋਰ ਕਾਰਵਾਈ ਵਿੱਚ ਇੰਸਪੈਕਟਰ ਪੁਸ਼ਪ ਬਾਲੀ ਦੀ ਅਗਵਾਈ ਵਿੱਚ ਸੀਆਈਏ ਸਟਾਫ਼ ਜਲੰਧਰ ਦਿਹਾਤੀ ਨੇ ਇੱਕ ਹੋਰ ਖ਼ੌਫ਼ਨਾਕ ਗਰੋਹ ਦੇ ਚਾਰ ਮੈਂਬਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਜਿਨ੍ਹਾਂ ਦੀ ਪਛਾਣ ਹਰਵਿੰਦਰ ਸਿੰਘ ਉਰਫ਼ ਰਾਜੂ ਵਾਸੀ ਅਹਿਮਦਪੁਰ, ਦਲਵਿੰਦਰ ਸਿੰਘ ਉਰਫ਼ ਗੁਰੀ ਵਾਸੀ ਧਾਲੀਵਾਲ ਦੋਨਾ, ਸਰਬਜੀਤ ਸਿੰਘ ਉਰਫ਼ ਪੰਜਾਬ ਉਰਫ਼ ਕਾਕਾ ਵਾਸੀ ਅਠੌਲਾ ਅਤੇ ਹਰਪ੍ਰੀਤ ਸਿੰਘ ਉਰਫ ਸ਼ੇਰਾ ਵਾਸੀ ਕਟਾਣੀ ਗੇਟ ਵਜੋਂ ਹੋਈ ਹੈ।

ਪੁਲਿਸ ਟੀਮਾਂ ਨੇ ਉਹਨਾਂ ਦੇ ਕਬਜ਼ੇ 'ਚੋਂ ਛੇ ਜਿੰਦਾ ਰੌਂਦ ਸਮੇਤ ਦੋ .32 ਬੋਰ ਦੇ ਪਿਸਤੌਲ ਤੇ ਤਿੰਨ ਮੈਗਜ਼ੀਨ ਅਤੇ ਦੋ ਜਿੰਦਾ ਰੌਂਦ ਸਮੇਤ ਇੱਕ .315 ਬੋਰ ਦਾ ਪਿਸਤੌਲ ਬਰਾਮਦ ਕੀਤਾ ਹੈ। ਇਸ ਤੋਂ ਇਲਾਵਾ ਉਨ੍ਹਾਂ ਦੇ ਪਲੈਟੀਨਾ ਮੋਟਰਸਾਈਕਲ ਅਤੇ ਐਕਟਿਵਾ ਸਕੂਟਰ ਨੂੰ ਵੀ ਕਬਜੇ ਵਿੱਚ ਲੈ ਲਿਆ ਹੈ।



ਐਸਐਸਪੀ ਖੱਖ ਨੇ ਦੱਸਿਆ ਕਿ ਪੁੱਛਗਿੱਛ ਦੌਰਾਨ ਇਸ ਗਿਰੋਹ ਨੇ ਬਲੇਅਰ ਖਾਨਪੁਰ ਵਿਖੇ ਗੋਲੀਬਾਰੀ ਅਤੇ ਜਬਰੀ ਵਸੂਲੀ, ਕਰਿਆਨੇ ਦੀ ਦੁਕਾਨ ਦੇ ਮਾਲਕ 'ਤੇ ਹਥਿਆਰਬੰਦ ਹਮਲਾ ਅਤੇ ਗੋਲੀ ਚਲਾਉਣ, ਲੈਦਰ ਕੰਪਲੈਕਸ ਨੇੜੇ ਹਥਿਆਰਬੰਦ ਡਕੈਤੀ, ਪ੍ਰਵਾਸੀ ਮਜ਼ਦੂਰਾਂ ਤੋਂ 25,000 ਰੁਪਏ ਦੀ ਜਬਰੀ ਵਸੂਲੀ ਅਤੇ ਕਈ ਮੋਟਰਸਾਈਕਲਾਂ ਦੀਆਂ ਚੋਰੀਆਂ ਸਮੇਤ ਕਈ ਅਪਰਾਧਾਂ ਨੂੰ ਅੰਜਾਮ ਦੇਣ ਦਾ ਜੁਲਮ ਇਕਬਾਲ ਕੀਤਾ ਹੈ। ਉਨ੍ਹਾਂ ਅੱਗੇ ਦੱਸਿਆ ਕਿ ਮੁਲਜ਼ਮਾਂ ਨੇ ਨਸ਼ਾ ਤਸਕਰੀ ਦੇ ਇੱਕ ਸਥਾਨਕ ਨੈੱਟਵਰਕ ਨਾਲ ਸਬੰਧਾਂ ਬਾਰੇ ਵੀ ਖੁਲਾਸਾ ਕੀਤਾ।

ਜ਼ਿਕਰਯੋਗ ਹੈ ਕਿ ਪੁਲਿਸ ਨੇ ਦੋ ਵੱਖ-ਵੱਖ ਮਾਮਲੇ ਦਰਜ ਕੀਤੇ ਹਨ, ਜਿਸ ਵਿੱਚ ਐਫਆਈਆਰ ਨੰਬਰ 102 ਮਿਤੀ 09.11.2024 ਥਾਣਾ ਲੋਹੀਆਂ ਵਿਖੇ ਅਸਲਾ ਐਕਟ ਦੀ ਧਾਰਾ 25 ਅਤੇ ਐਫ.ਆਈ.ਆਰ. ਨੰ. 95 ਮਿਤੀ 13.11.2024 ਥਾਣਾ ਮਕਸੂਦਾਂ ਵਿਖੇ ਆਰਮਜ਼ ਐਕਟ ਦੀ ਧਾਰਾ 25(1)(6)(7)(8) ਅਤੇ ਭਾਰਤੀ ਨਿਆਂ ਸੰਹਿਤਾ ਦੀ ਧਾਰਾ 111 ਅਤੇ ਧਾਰਾ 308(2), 310(4) ਅਤੇ 310(5) ਅਧੀਨ ਮਾਮਲਾ ਦਰਜ ਕਰਨਾ ਸ਼ਾਮਲ ਹੈ।






# ਹੁਣ ਹਿਲਜ਼ਵਿਊ ਇਲਾਕੇ ’ਚ ਵਾਜਬ ਕੀਮਤ ’ਤੇ ਖ਼ਰੀਦੋ 3 ਸਟੋਰੀ ਟਾਊਨਹਾਊਸ




## ਡੰਡਾਸ ’ਚ ਵੀ ਨਵੀਂਆਂ ਬਣੀਆਂ/ਪ੍ਰੀ ਕੰਸਟ੍ਰਕਸ਼ਨ ਕਮਰਸ਼ੀਅਲ ਯੂਨਿਟਾਂ ਉਪਲੱਬਧ

ਬਰੈਂਪਟਨ, 3 ਨਵੰਬਰ (ਪੋਸਟ ਬਿਊਰੋ): ਮਿਸੀਸਾਗਾ ਅਤੇ ਬਰੈਂਪਟਨ ਦੇ ਬਾਰਡਰ ’ਤੇ ਹਿਲਜ਼ਵਿਊ ਇਲਾਕੇ ਵਿਚ ਨਵੇਂ 2004 ਸਕੇਅਰ ਫੁੱਟ ਦੇ 3 ਸਟੋਰੀ ਟਾਊਨਹਾਊਸ, ਜੋਕਿ ਮਾਰਚ, 2026 ਮੁਕੰਮਲ ਹੋਣੇ ਹਨ, ਉਲੱਬਧ ਹਨ। ਇਨ੍ਹਾਂ ਦੀ ਕੀਮਤ 8,79,900 ਡਾਲਰ ਤੋਂ ਸ਼ੁਰੂ ਹੁੰਦੀ ਹੈ। ਕਲੋਜ਼ਿੰਗ ਤੱਕ 10% ਡਾਊਨਪੇਮੈਂਟ ’ਤੇ ਮਿਲਣਗੇ। ਇਹ ਪ੍ਰਾਪਰਟੀ ਵਾਲਮਾਰਟ, ਡਾਊਨਟਾਊਨ ਬਰੈਂਪਟਨ ਅਤੇ ਕਈ ਪਾਰਕਾਂ ਦੇ ਨੇੜੇ ਹੈ। ਇਸੇ ਤਰ੍ਹਾਂ ਮਿਸੀਸਾਗਾ ਵਿਚ ਨਵੀਂਆਂ ਬਣੀਆਂ/ਪ੍ਰੀ ਕੰਸਟ੍ਰਕਸ਼ਨ ਕਮਰਸ਼ੀਅਲ ਯੂਨਿਟਾਂ ਦੇ ਕਾਰਨਰ ’ਤੇ ਵਿਕਰੀ ਲਈ ਉਪਲੱਬਧ ਹਨ। ਇਨ੍ਹਾਂ ਯੂਨਿਟਾਂ ਵਿਚੋਂ 60% ਵਿਕ ਚੁੱਕੀਆਂ ਹਨ ਤੇ 900-2200 ਸਕੇਅਰ ਫੁੱਟ ਜਗ੍ਹਾ ਬਚੀ ਹੈ। ਇਨ੍ਹਾਂ ਦੀ ਕੀਮਤ ਕਰੀਬ 1050 ਡਾਲਰ ਪ੍ਰਤੀ ਸਕੇਅਰ ਫੁੱਟ ਹੈ। ਵਧੇਰੇ ਜਾਣਕਾਰੀ ਲਈ ਫੁਸ਼ (Fush)- 647-871-1433 ਅਤੇ ਜੈਸਮੀਨ- 647-878-1433 ਨਾਲ ਸੰਪਰਕ ਕੀਤਾ ਜਾ ਸਕਦਾ ਹੈ।




Algoma
UNIVERSITY
MY MISSION:
A career in law that tackles climate change
The individual missions of our students are inspired by Algoma University's Special Mission, which is what sets us apart – and brings us together.


PURBA APPRAISALS INC.
WE PROVIDE RESIDENTIAL REAL ESTATE APPRAISAL SERVICES FOR:
•Mortgage Financing
•Tax/Capital Gain
•Divorce/Separation of Assets
•Litigation Support
•Pre-listing Appraisals
Gurpreet Purba
Broker, CRA
416-669-1423
www.purbahomes.com

# ਗੁਰੂ ਨਾਨਕ ਦੇਵ ਜੀ ਸਗਲ ਸੰਸਾਰ ਦੇ ਸਰਵੋਤਮ ਗੁਰੂ

ਹਰਚੰਦ ਸਿੰਘ ਬਾਸੀ



ਅਸੀਂ ਗੁਰੂ ਨਾਨਕ ਦੇਵ ਜੀ ਦਾ ਸਿਰਫ ਜਨਮ ਦਿਵਸ ਹੀ ਨਹੀਂ ਮਨਾ ਰਹੇ ਸਗੋਂ ਅਸੀਂ ਆਪਣੇ ਆਪ ਵਿੱਚ ਉਹਨਾਂ ਦੀਅਂਸਿਖਿਆਵਾਂ ਨੂੰ ਯਾਦ ਕਰਕੇ ਮਨ ਵਿੱਚ ਵਸਾਉਣਾ ਹੈ। ਉਹ ਰੂਹਨੀਅਤ ਦੇ ਅਜਿਹੇ ਪੁੰਜ ਹਨ ਜਿੰਨਾਂ ਦੀ ਥਾਹ ਪਾਉਣੀ ਮੁਸ਼ਕਿਲ ਹੀ ਨਹੀਂ ਸਗੋਂ ਅਸੰਭਵ ਹੈ। ਉਹਨਾਂ ਦੇ ਬੋਲਾਂ ਵਿੱਚ ਸਚਾਈ ਦਰਿੜਤਾ, ਗੰਭੀਰਤਾ , ਮਿਠਾਸ, ਦਰਦ, ਰੋਹ ਅਤੇ ਨਿਸਚਾ ਕਹਿ ਸਕਣ ਤੋਂ ਪਰ੍ਹੇ ਹੈ । ਉਹਨਾਂ ਦੀ ਨਿਡਰਤਾ ਅੱਗੇ ਵਡੇ ਸ਼ਹਿਨਸ਼ਾਹ ਵੀ ਅਟਕ ਨਹੀਂ ਸਕੇ ਜੋ ਕਹਿਣਾ ਸੀ ਕਹਿ ਦਿਤਾ। ਰਾਜੀਆਂ ਨੂੰ ਰਾਜੇ ਸ਼ੀਹ ਮਕਦਮ ਕੁਤੇ ।। ਜਏ ਜਗਾਇਨ ਬੈਠੇ ਸੁਤੇ ।। ਉਹਨਾਂ ਦੇ ਕਦਮਾਂ ਵਿੱਚ ਇੰਨੀ ਤਾਕਤ ਸੀ ਕਿ ਜਿਸ ਪੜਾਅ ਵੱਲ ਸੋਚ ਲੈਂਦੈ ਸਨ ਮੰਜਿਲ ਆਪ ਚੱਲ ਕੇ ਉਹਨਾਂ ਕੋਲ ਆ ਜਾਂਦੀ ਸੀ । ਸਰਵੇ ਅਨੁਸਾਰ ਚੀ ਚਾਲੀ ਹਜ਼ਾਰ ਮੀਲ ਦਾ ਸਫਰ 15 ਸਾਲਾਂ ਵਿੱਚ ਕੀਤਾ। ਅੱਕ ਆਦਮੀ ਸਾਗਰ ਦੇ ਕੰਢੇ ਤੇ ਖੜ ਕੇ ਉਸ ਦੀ ਗਹਿਰਾਈ ਨਹੀਂ ਮਾਪ ਸਕਦਾ ਤਿਉਂ ਹੀ ਗੁਰੂ ਨਾਨਕ ਦੇਵ ਜੀ ਦੀ ਅੰਤਰੀਵ ਦੀ ਗਹਿਰਾਈ ਨੂੰ ਜਾਣ ਲੈਣਾ ਅਸੰਭਵ ਹੈ।

ਗੁਰੂ ਨਾਨਕ ਦੇਵ ਜੀ ਇਸ ਧਰਤੀ ਦੇ ਚਿੱਤਰਪਟ ਤੇ ਉਸ ਸਮੇਂ ਆਏ । । ਉਸ ਵੇਲੇ ਬਹੁਤ ਸਧਾਰਨ ਲੋਕਾਂ ਕੋਲ ਗਿਆਨ ਨਹੀਂ ਸੀ। ਉਹ ਤਾਂ ਸਿਰਫ ਮਨੋਕਲਪਤ ਘੜੀਆਂ ਕਹਾਣੀਆਂ ਸੁਣ ਕੇ ਹੀ ਯਕੀਨ ਕਰ ਲੈਂਦੇ ਸਨ। ਮਿਥਿਹਾਸ ਨਾਲ ਸਮਾਜ ਦੇ ਮਨਾਂ ਦੇ ਸਹੀ ਗਿਆਨ ਲਈ ਦਰਵਾਜੇ ਬੰਦ ਕੀਤੇ ਸਨ। ਇਸ ਤਰਾਂ ਦੀ ਇੱਕ ਨਹੀਂ ਅਨੇਕ ਕੂੜ ਕਹਾਣੀਆਂ ਘੜੀਆਂ ਗਈਆਂ। ਇਹ ਉਸ ਵੇਲੇ ਦੇ ਸੰਸਾਰ ਦਾ ਗਿਆਨ ਆਪੋ ਆਪਣੇ ਮਨਾਂ ਦੀ ਉਪਜੀ ਖੇਡ ਸੀ । ਇਸ ਤਰ੍ਹਾਂ ਕੁੱਝ ਪੜਾ ਦਰ ਪੜਾ ਸਮਾਂ ਲੰਘਦਾ ਗਿਆ । ਗਿਆਨ ਹਮੇਸ਼ਾਂ ਵਿਕਾਸ ਕਰਦਾ ਹੈ । ਸਮੇਂ ਨਾਲ ਨਵੀਂ ਜਾਣਕਰੀ ਸਾਹਮਣੇ ਆਉਂਦੀ ਹੈ । ਪੂਰਬ ਤੋਂ ਪੱਛਮ ਅਤੇ ਉੱਤਰ ਤੋਂ ਦੱਖਣ ਤੱਕ ਫੈਲੀ ਆਦਮ ਜਾਤ ਦੇ ਚਿੰਤਕਾਂ, ਰੂਹਾਨੀ ਵਿਅੱਕਤੀਆਂ ਨੇ ਮਨੁੱਖੀ ਮਨ ਦੀਆਂ ਗੁੰਝਲਾਂ ਸੁਲਝਉਣ ਲਈ ਨਵੇਂ ਨਵੇਂ ਵਿਚਾਰ ਲੋਕਾਂ ਸਾਹਮਣੇ ਰੱਖੇ । ਇਹਨਾਂ ਵਿੱਚੋਂ ਕਈ ਹੋਰ ਸਵਾਲ ਦਰ ਸਵਾਲ ਵੀ ਖੜੇ ਹੁੰਦੇ ਰਹੇ ਪਰ ਫਿਰ ਵੀ ਅੱਡੋ ਅੱਡ ਡਫਲੀ ਵੱਜਦੀ ਸੀ । ਗੁਰੁ ਨਾਨਕ ਦੇਵ ਜੀ ਨੇ ਬੜੇ ਸਰਲ ਅਤੇ ਸਪੱਸ਼ਟ ਸ਼ਬਦਾਂ ਵਿੱਚ ਸੰਸਾਰ ਨੂੰ ਏਕਓਂਕਾਰ ਦਾ ਸੁਨੇਹਾ ਦਿਤਾ। ਉਹਨਾਂ ਕੁਦਰਤ ਦੇ ਕਈ ਗੁਝੇ ਭੇਦ ਦੁਨੀਆਂ ਨੂੰ ਦਸੇ ਜੋ ਨਾ ਮੰਨਣ ਯੋਗ ਸਨ ਪਰ ਸਮੇਂ ਨਾਲ ਸੱਚ ਹੁੰਦੇ ਗਏ । ਉਹਨਾਂ ਸੈਂਤੀ ਸਾਲ ਦੀ ਉਮਰ ਵਿੱਚ ਉਦਾਸੀਆਂ

ਸ਼ੁਰੁ ਕੀਤੀਆਂ। ਉਹਨਾਂ ਭਾਰਤ ਦੇ ਪੱਛਮ ਤੋਂ ਪੂਰਬ ਉੱਤਰ ਤੋਂ ਦੱਖਣ ਅਤੇ ਮੱਧ ਏਸ਼ੀਆ ਤੱਕ ਪੈਦਲ ਚੱਲ ਕੇ ਹਜਾਰਾਂ ਮੀਲ ਦੂਰ ਤੱਕ ਘਰੋਂ ਨਿਕਲ ਕੇ ਪੈਦਲ ਚੱਲ ਕੇ ਸਮਾਜ ਦੇ ਵਿਦਵਾਨਾਂ ਰਿਸ਼ੀਆਂ ਮੁਨੀਆ ਜੋਗੀਆਂ ਸਿੱਧਾਂ ਜੈਨੀਆਂ ਬੋਧੀਆਂ ਪੰਡਤਾਂ ਨਾਲ ਸੰਵਾਦ ਰਚਾਏ ਅਤੇ ਉਹਨਾਂ ਦੇ ਸੰਕੇ ਦੂਰ ਕੀਤੇ । ਇੱਕ ਕਰਤੇ ਦਾ ਸੰਦੇਸ਼ ਦਿੱਤਾ । ਬ੍ਰਹਿਮਮਡ ਦਾ ਰਚੇਤਾ ਇੱਕ ਹੀ ਹੈ । ਜੋ ਕੁਝ ਸਾਨੂੰ ਨਜਰ ਮਾਰਿਆਂ ਧਰਤੀ ਅਕਾਸ਼ ਉਤੇ ਦਿਸਦਾ ਹੈ ਜੋ ਸਾਡੀ ਨਜਰ ਤੋਂ ਦੂਰ ਵੀ ਹੈ ਇੱਕ ਹੀ ਪ੍ਰੀਵਾਰ ਹੈ। ਧਰਤੀ ਤੇ ਉਸੇ ਦੀ ਕੁਦਰਤ ਵਸਦੀ ਹੈ । ਸੱਭ ਪਰਾਣੀ ਜੀਵ ਜੰਤੂ ਰੁੱਖ ਫੁੱਲ ਪੌਦੇ ਉਸੇ ਦਾ ਪ੍ਰਕਾਸ਼ ਹੈ ਇਸ ਲਈ ਸੱਭ ਬਰਾਬਰ ਸਤਿਕਾਰ ਦੇ ਹਕਦਾਰ ਹਨ । ਪ੍ਰਾਣੀਆਂ ਵਿੱਚ ਵੀ ਸੱਭ ਬਰਾਬਰ ਦੇ ਹੱਕਦਾਰ ਹਨ । ਉਹਨਾਂ ਮਨੁੱਖ ਦੀ ਬਰਾਬਰਤਾ ਅਤੇ ਸਨਮਾਨ ਦੀ ਵਕਾਲਤ ਕੀਤੀ । ਜਾਤ ਪਾਤ ਨੂੰ ਨਿਕਾਰਿਆ । ਮਨੁੱਖ ਨੂੰ ਨਿਸਕਾਮ ਸੇਵਾ ਕਰਨ ਲਈ ਪ੍ਰੇਰਿਤ ਕੀਤਾ । ਚੰਗੇ ਕੰਮ ਕਰੋ ਦੂਜਿਆਂ ਦੇ ਕੰਮ ਆਉ ਮੁਫਤ ਸੇਵਾ ਕਰੋ। ਘਾਲਿ ਖਾਇ ਕਿਛੁ ਹਥਹੁ ਦੇਇ ।। ਨਾਨਕ ਰਾਕੁ ਪਛਾਣਹਿ ਸੇਇ ।। ਉਸ ਸਮੇਂ ਮੁਸਲਮਾਨ ਸ਼ਾਸ਼ਕਾਂ ਦਾ ਬਹੁਤ ਕਰੂੜ ਵਤੀਰਾ ਸੀ। ਹਿੰਦੂਆਂ ਨੂੰ ਧਾਰਮਿਕ, ਸਮਾਜਿਕ ਹਰ ਪੱਧਰ ਤੇ ਜੁਲਮ ਦਾ ਸ਼ਿਕਾਰ ਹੋਣਾ ਪੈਂਦਾ ਸੀ। ਬਾਕੀ ਹਿੰਦੂ ਸਮਾਜ ਦੀਆਂ ਆਪਣੀਆਂ ਗੰਭੀਰ ਸਮੱਸਿਆਵਾਂ ਸਨ। ਮੂਰਤੀ ਪੂਜਾ ਕਰਮ ਕਾਡ ਜਾਦੂ ਟੂਣੇ ਛੂਆ ਛੂਤ ਊਚ ਨੀਚ ਨਾਲ ਦੇ ਕੋਹੜ ਨਾਲ ਸਮਾਜ ਬਿਮਾਰ ਸੀ। ਉਹ ਚਾਰ ਵਰਨਾਂ ਪੰਡਤ,ਖੱਤਰੀ, ਵੈਸ਼ ਅਤੇ 'ਸੂਦਰ ਵਿੱਚ ਵੰਡਿਆ ਸੀ । ਪੰਡਤ ਆਪਣੇ ਆਪ ਨੂੰ ਗਿਆਨਵਾਨ ਦਸ ਕੇ ਬਾਕੀ ਵਰਨਾ ਨੂੰ ਲੁੱਟ ਕੇ ਖਾਦੇ ਸਨ । ਸ਼ੂਦਰਾਂ ਨੂੰ ਪੜਣ ਦੀ ਆਗਿਆ ਨਹੀਂ ਸੀ। ਉਹਨਾਂ ਨੂੰ ਜਲਾਲਤ ਘਰਿਆ ਜੀਵਨ ਜਿਉਣ ਲਈ ਮਜਬੂਰ ਕੀਤਾ ਜਾਂਦਾ ਸੀ। ਫਾਲਤੂ ਰਸਮਾਂ ਰੀਤੀਆਂ ਨਾਲ ਅੰਧ ਵਿਸਵਾਸ਼ ਵਿੱਚ ਫਸਾਇਆ ਸੀ । ਸ਼ੂਦਰਾਂ ਦੀ ਹਾਲਤ ਅਤਿ ਘਿਨਾਉਣੀ ਸੀ। ਸਨ । ਜੋ ਉਹਨਾਂ ਨਾਲ ਭੇਦ ਭਾਵ ਜੋਰਾਂ ਤੇ ਸੀ। ਬਿਆਨ ਕਰਨਾ ਔਖਾ ਹੈ ਗੁਰੂ ਨਾਨਕ ਦੇਵ ਜੀ ਨੇ ਨੀਚਾਂ ਦੇ ਹੱਕ ਵਿੱਚ ਜੋਰਦਾਰ ਅਵਾਜ਼ ਉਠਾਈ।

"ਨੀਚਾ ਅੰਦਰ ਨੀਚ ਜ਼ਾਤ ਨੀਚੀ ਹੂ ਅਤਿ ਨੀਚ ।। ਨਾਨਕ ਤਿੰਨ ਕੇ ਸੰਗਿ ਸਾਥ ਵਡਿਆ ਸਿਉ ਕਿਆ ਰੀਸ ।।

ਔਰਤ

ਔਰਤ ਦੀ ਬਰਾਬਰੀ ਉਸ ਸਮੇਂ ਔਰਤ ਦੀ ਹਾਲਤ ਬਹੁਤ ਖਰਾਬ ਸੀ ਉਹਨਾਂ ਨੂੰ ਮੰਡੀ ਵਿੱਚ ਪਸ਼ੂਆਂ ਤਰਾਂ ਵੇਚਿਆ ਜਾਂਦਾ ਸੀ । ਪੈਰ ਦੀ ਜੁਤੀ ਸਮਝ ਕੇ ਬਹੁਤ ਦਬਾ ਕੇ ਰੱਖਿਆ ਜਾਂਦਾ ਸੀ। ਉਹਨਾਂ ਦੇ ਕੋਈ ਅਧਿਕਾਰ ਨਹੀਂ ਸਨ । ਨਾਨਕ ਜੀ ਨੇ ਔਰਤ ਦੀ ਸ਼ਕਤੀ ਦੀ ਵਕਾਲਤ ਕੀਤੀ ਅਤੇ ਆਦਮੀਆਂ ਦੇ ਬਰਾਬਰ ਅਧਿਕਾਰਾਂ ਤੇ ਜੋਰ ਦਿਤਾ ਕਿਹਾ ਭੰਡੁ ਮੂਆ ਭੰਡੁ ਭਾਲੀਐ ਭੰਡੈ ਹੋਵੈ ਬੰਧਾਨ ।। ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।। ਭੰਡਹੁ ਹੀ ਭੰਡੁ ਉਪਜੇ ਭੰਡੈ ਬਾਝੁ ਨਾ ਕੋਇ ।। ਨਾਨਕ ਭੰਡੇ ਬਾਹਰਾ ਏਕੋ ਸਚਾ ਸੋਇ ।। ਉਹਨਾਂ ਸਮਾਜ ਵਿੱਚ ਔਰਤਾ ਦੇ ਮੁੱਖ ਪਰਦਾ ਨਾ ਅਤੇ ਅਜ਼ਾਦ ਹਸਤੀ ਦੀ ਵਕਾਲਤ ਕੀਤੀ ।

ਉਹਨਾਂ ਲੋਕਾਂ ਨੂੰ ਸਾਸ਼ਕਾਂ ਦੇ ਮੰਦੇ ਰਾਜ ਦੀਆਂ ਮੰਦੀਆਂ ਨੀਤੀਆਂ ਵਿਰੁਧ ਬੋਲਣ ਲਈ ਜਬਾਨ ਦਿਤੀ

"ਕਲਿ ਕਾਤੀ ਰਾਜੇ ਕਸਾਈ ਧਰਮ ਪੰਖ ਕਰਿ ਉਡ ਰਿਹਾ।।

ਕੂੜੁ ਅਮਾਵਸ ਸੱਚ ਚੰਦ੍ਰਮਾ ਦੀਸੈ ਨਾਹੀਂ ਕਹ ਚੜਿਆ ।।

ਜਾਂ ਰਾਜੇ ਸ਼ੀਹ ਮੁਕੱਦਮ ਕੁਤੇ ।। ਜਾਇ ਜਗਾਇਨ ਬੈਠੇ ਸੁਤੇ ।।


ਉਸ ਵੇਲੇ ਦਾ ਧਾਰਮਿਕ ਵਿਤਕਰੇ, ਸਾਸ਼ਕਾਂ ਵੱਲੋ ਬੇਇਨਸਾਫੀਆਂ, ਸਮਾਜ ਛੂਆ ਛੂਤ , ਕਰਮ ਕਾਂਡ, ਪਾਖੰਡਵਾਦ , ਜਾਦੂ ਟੂਣੇ ਆਦਿ ਨਾਲ ਗ੍ਰਸਤ ਸੀ । ਉਹਨਾਂ ਨਾ ਕਿਸੇ ਰਾਜੇ ਦਾ ਖੌਫ ਖਾਧਾ ਨਾ ਕਿਸੇ ਪੰਡਤਾਂ ਮੌਲਵੀਆਂ ਦਾ ਉਹਨਾਂ ਬੇਬਾਕ ਗੱਲ ਕਹੀ ਜੋ ਸਮੇਂ ਦਾ ਸੱਚ ਸੀ ਤੇ ਅੱਜ ਵੀ ਹੈ।

ਮੱਥੇ ਟਿਕਾ ਤੇੜਿ ਧੋਤੀ ਕਖਾਈ ।। ਹੱਥ ਛੁਰੀ ਜਗਤ ਕਸਾਈ।।

ਅਭਾਖਿਆ ਕਾ ਕੁੱਠਾ ਬੱਕਰਾ ਖਾਣਾ।। ਚਉਕੇ ਉਪਰ ਕਿਸੈ ਨਾ ਜਾਣਾ।।

ਦੇ ਕੇ ਚਉਕਾ ਕਢੀ ਕਾਰ ।। ਉਪਰ ਆਇ ਬੈਠੇ ਕੁੜਿਆਰ

ਤਨਿ ਫਿਟੈ ਫੇੜ ਕਰੇਨਿ ।। ਮਨ ਜੂਠੈ ਚੁਲੀ ਭਰੇਨਿ ।।



ਮਿਟਿ ਮੁਸਲਮਾਨ ਕੀ ਪੇੜੇ ਪਉ ਕੁਮਿਆਰ

ਕਾਦੀ ਕੂੜੁ ਬੋਲਿ ਮਲੁ ਖਾਏ ।। ਬ੍ਰਾਹਮਣੁ ਨਾਵੈ ਜੀਆ ਘਾਇ ।।

ਜੋਗੀ ਜੁਗਤ ਨਾ ਜਾਣੈ ਅੰਧ।। ਤੀਨੇ ਉਜਾੜੇ ਕਾ ਬੰਧ ।।

ਸੋ ਜੋਗੀ ਜੋ ਜੁਗਤ ਪਛਾਣੈ ।। ਗੁਰ ਪਰਸਾਦੀ ਏਕੋ ਜਾਣੈ ।।ਭੇਖੀਆਂ ਬਾਰੇ ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨਿ ।। ਘੁਟਿ ਘੁਟਿ ਜੀਆ ਖਾਵਣੇ ਬਗੇ ਨਾ ਕਹੀਅਨਿ ।।

ਇਸ ਤਰਾਂ ਕਹਿ ਕੇ ਉਹਨਾਂ ਦੀ ਚੌਧਰ ਤੇ ਕਰਾਰੀ ਸੱਟ ਮਾਰੀ । ਲੋਕਾਂ ਨੂੰ ਨਵੇਂ ਨਰੋਏ ਸਮਾਜ ਨੂੰ ਸਿਰਜਣ ਦਾ ਹੌਸਲਾ ਦਿਤਾ।

ਆਗੂਆਂ ਬਾਰੇ ਕੂੜ ਬੋਲਿ ਮੁਰਦਾਰੁ ਖਾਇ ।। ਅਵਰੀ ਨੂੰ ਸਮਝਾਵਿਣ ਜਾਇ ।।

ਮੁਠਾ ਆਪਿ ਮੁਹਾਏ ਸਾਥੈ ।। ਨਾਨਕ ਐਸਾ ਆਗੂ ਜਾਪੈ ।।

ਮੱਧ ਕਾਲ ਵਿੱਚ ਜੋ ਪਰੰਪਰਾਵਾਂ ਪੈਦਾ ਹੋਈਆਂ ਉਨਾਂ ਵਿੱਚੋਂ ਕੋਈ ਵੀ ਨਵੀਂ ਪਰੰਪਰਾ ਸਥਾਪਤ ਨਹੀਂ ਕਰ ਸਕੀ । ਚਾਹੇ ਕਬੀਰ ਪੰਥੀ ਜਾਂ ਗਿਆਨਵੇਸ਼ਵਰ । ਕਾਰਲ ਮਾਰਕਸ ਨੇ ਫਉਰੇਬਾਖ ਬਾਰੇ ਗੱਲ ਕਰਦਿਆਂ ਕਿਹਾ ਹੈ ਫਿਲਾਸਫਰ ਸਿਰਫ ਜਿੰਦਗੀ ਨੂੰ ਇੰਟਰਪਰੈਟ ਕਰ ਸਕਦੇ ਹਨ ਪਰ ਸਵਾਲ ਇਹ ਹੈ ਕਿ ਇਸ ਨੂੰ ਤਬਦੀਲ ਕਿਵੇਂ ਕੀਤਾ ਜਾਏ । ਅਰਥਾਤ ਦਾਰਸ਼ਨਿਕਾਂ ਨੇ ਕੇਵਲ ਜੀਵਨ ਦੀ ਸਮੀਖਿਆ ਕੀਤੀ ਹੈ ਪਰ ਪ੍ਰਸ਼ਨ ਇਸ ਨੂੰ ਬਦਲਣ ਦਾ ਹੈ ਗੁਰੂ ਨਾਨਕ ਦੇਵ ਜੀ ਨੇ ਆਪਣੀ ਵਿਚਾਰਧਾਰਾ ਰਾਹੀਂ ਨਵੇ ਮਨੁੱਖ ਦੀ ਸਿਰਜਣਾ ਦਾ ਯਤਨ ਕੀਤਾ।। ਗੁਰੂ ਨਾਨਕ ਦੀ ਬਾਣੀ ਦਾ ਬੁਧ ਵਿਚਾਰਧਾਰਾ,ਜੈਨ ਵਿਚਾਰਧਾਰਾ, ਵੇਦਾਂਤ ਵਿਚਾਰਧਾਰਾ ਅਤੇ ਨਾਸਤਿਕ ਵਿਚਾਰ ਧਾਰਾ ਦੇ ਅਧੀਨ ਨਿਰਮਤ ਹੋਇਆ । ਆਸਤਿਕ ਅਤੇ ਨਾਸਤਿਕ ਪਰਾਚੀਨ ਵਿੱਚ ਉਦਾਸੀ ਦਾ ਮਹੱਤਵ ਹੈ । ਪਰਾਚੀਨ ਭਾਰਤ ਵਿੱਚ ਸ਼ਰਮਣ ਅਤੇ ਬ੍ਰਾਹਮਣ ਦਾ ਟਕਰਾਉ ਹੈ। ਸ਼ਰਮਣ ਨਾਸਤਿਕ ਹੈ ਬ੍ਰਾਹਮਣ ਆਸਤਿਕ । ਨਾਸਤਿਕ ਦਾ ਅਰਥ ਇਹ ਨਹੀਂ ਕਿ ਉਹ ਈਸ਼ਵਰ ਦੀ ਹੋਂਦ ਵਿੱਚ ਵਿਸ਼ਵਾਸ਼ ਨਹੀਂ ਰੱਖਦਾ ਸਗੋਂ ਇਹ ਹੈ ਕਿ ਉਹ ਵੇਦਾਂ ਨੂੰ ਦੈਵੀ ਬਾਣੀ ਨਹੀਂ ਮੰਨਦਾ ਅਤੇ ਸੰਸਕ੍ਰਿਤ ਨੂੰ ਦੇਵ ਭਾਸ਼ਾ ਨਹੀਂ ਮੰਨਦਾ। ਦੈਵੀ ਬਾਣੀ ਮੰਨਣ ਕਾਰਨ ਉਸ ਨੂੰ ਸੰਭਾਲਣ ਦੇ ਕਈ ਤਰੀਕੇ ਢੂੰਡਦਾ ਹੈ । ਉਹ ਉਹਨਾਂ ਨੂੰ ਕੀਮਤੀ ਭੂਸ਼ਨਾਂ ਵਿੱਚ ਲਪੇਟ ਲਪੇਟ ਰਖਦਾ ਹੈ। ਉਹ ਇਸ ਦੇ ਅਰਥ ਵਿੱਚ ਨਹੀਂ ਜਾਂਦਾ ਕੇਵਲ ਬਾਹਰਲੇ ਸ਼ਬਦ ਵਿੱਚ ਉਲਝ ਜਾਂਦਾ ਹੈ । ਨਾਸਤਕ ਅਰਥ ਚਾਹੁੰਦਾ ਹੈ । ਅਰਥ ਦੀ ਤਲਾਸ਼ ਵਿੱਚ ਹਰ ਥਾਂ ਘੁੰਮਦਾ ਹੈ ਅਤੇ ਨਵੀਂ ਵਿਚਾਰਧਾਰਾ ਨੂੰ ਜਨਮ ਦਿੰਦਾ ਹੈ। ਇਹ ਹੈ ਬੁਧ ਮੱਤ , ਜੈਨ ਮੱਤ ਅਤੇ ਨਾਸਤਕ ਪਰੰਪਰਾ । ਗੁਰੂ ਨਾਨਕ ਇਸ ਪਰੰਪਰਾ ਨੂੰ ਹੀ ਅੱਗੇ ਲਿਜਾਂਦੇ ਹਨ । ਜਿਥੇ ਬੋਧੀ ਭੀਖੂ ਜੈਨੀ ਭੀਖੂ ਘਰ ਵਾਪਸ ਨਹੀਂ ਆਉਂਦੇ ਉਥੇ ਗੁਰੁ ਨਾਨਕ ਜੀ ਵਾਪਿਸ ਘਰ ਆਉਂਦੇ ਹਨ ਅਤੇ ਨਵੇਂ ਸਮਾਜਿਕ ਆਰਥਿਕ ਦਾਰਸ਼ਨਿਕ ਰਿਸ਼ਤਿਆਂ ਦੀ ਘਾੜਤ ਘੜਦੇ ਹਨ।

ਕਵਿਤਾ ਜਿਸ ਤਰਾਂ ਦਾ ਕਾਵਿ ਸ਼ਾਸ਼ਤਰ ਵਿੱਚ ਸੁਹਜ ਭਰਿਆ ਹੈ ਸ਼ਾਇਦ ਹੀ ਕਿਸੇ ਨੇ ਇਸ ਸਿਖਰ ਨੂੰ ਛੁਹਿਆ ਹੈ ਗਗਨ ਮੈ ਥਾਲਿ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ।। ਜਾਂ ਮੋਤੀ ਤਾਂ ਮੰਦਰ ਉਸਰਹਿ ਰਤਨੀ ਤਾ ਹੋਹਿ ਜੜਾਉ ।। ਕਸਤੂਰੀ ਕੁੰਗੂ ਅਗਰਿ ਚੰਦਨ ਲਿਪਆਵੈ ਚਾਉ।। ਪ੍ਰੇਮ ਦੀ ਗੱਲ ਕੀਤੀ ਹੈ ਤਾਂ ਕਿਹਾ ਹੈ ਜੇ ਤਉ ਪ੍ਰੇਮ ਖੇਲਣ ਕਾ ਚਾਉ।। ਸਿਰਧਰ ਤਲੀ ਗਲੀ ਮੋਰੀ ਆਉ ।।

ਵਿਰਾਸਤ ਗੁਰੂ ਨਾਨਕ ਜੀ ਦੀ ਵਿਰਾਸਤ ਦੁਨੀਆਂ ਵਿੱਚ ਲੱਖਾਂ ਲੋਕਾਂ ਨੂੰ ਉਤਸ਼ਾਹਤ ਕਰਨ ਲਈ ਜਾਰੀ ਹੈ ।ਉਹਨਾਂ ਸਿੱਖ ਧਰਮ ਦੀ ਨੀਹ ਰੱਖੀ । ਉਹ ਧਰਮ ਜੋ ਬਰਾਬਰੀ, ਦਯਾ ਅਤੇ ਨਿਸ਼ਕਾਮ ਸੇਵਾ ਕਰਦਾ ਹੈ । ਦੁਨੀਆਂ ਉੱਤੇ ਇੱਕ ਹੀ ਧਰਮ ਹੈ ਜੋ ਹਰ ਸਮੇਂ ਲੜਾਈਆਂ ਕੁਦਰਤੀ ਆਫਤਾਂ ਵਿੱਚ ਦੇ ਕਸ਼ਟ ਭਰੇ ਸਮੇਂ ਵੀ ਸੇਵਾ ਲਈ ਪਹੁੰਚ ਜਾਂਦਾ ਹੈ । ਭਾਰਤ ਦੇ ਪੰਜਾਬ ਪ੍ਰਾਂਤ ਵਿੱਚ ਅਮ੍ਰਿਤਸਰ ਵਿਖੈ ਸਿੱਖਾਂ ਦਾ ਸੁਨਿਹਰੀ ਹਰਿਮੰਦਰ ਹੈ ਜਿਸ ਦੇ ਚਹੁੰ ਦਿਸ਼ਾਵਾਂ ਵੱਲ ਦਰਵਾਜੇ ਖੁਲਦੇ ਹਨ ਭਾਵ ਚਾਰੇ ਦਿਸ਼ਾਵਾਂ ਦੇ ਲੋਕਾਂ ਲਈ ਰੁਹੀਅਤ ਦਾ ਕੇਂਦਰ ਹੈ ਕੋਈ ਊਚ ਨੀਚ ਨਹੀ ਕਿਸੇ ਲਈ ਵਰਜਤ ਨਹੀਂ ਦੁਨੀਆਂ ਦੇ ਹਰ ਆਦਮੀ ਦਾ ਬਰਾਬਰ ਸਤਿਕਾਰ ਹੁੰਦਾ ਹੈ , ਚਾਹੇ ਪੂਰਬ ਪੱਛਮ ਉੱਤਰ ਦੱਖਣ ਰੰਗ ਜਾਤ ਧਰਮ ਦਾ ਕੋਈ ਰਾਜਾ ਹੈ ਜਾਂ ਰੰਕ ਕੋਈ ਫਰਕ ਨਹੀਂ । ਇਸ ਲਈ ਅਸੀਂ ਜੋਰਦਾਰ ਅਵਾਜ਼ ਵਿੱਚ ਕਹਿ ਸਕਦੇ ਹਾਂ ਕਿ ਗੁਰੂ ਨਾਨਕ ਸੰਸਾਰ ਦੇ ਰੁਹਾਨੀਅਤ ਦੇ ਸੱਭ ਤੋਂ ਉਚਤਾ ਦੇ ਗੁਰੂ ਹਨ ਅਤੇ ਪ੍ਰਭਾਵਤ ਕਰਨ ਵਾਲੇ ਗੁਰੂ ਹਨ। ਦੁਨੀਆਂ ਦੇ ਬਾਕੀ ਸਾਧੂ ਸੰਤ ਰਿਸ਼ੀ ਮੁਨੀ ਘਰੋਂ ਨਿਕਲੇ ਘਰ ਨਹੀਂ ਪਰਤੇ ਪਰ ਗੁਰੂ ਨਾਨਕ ਘਰੋਂ ਹਜਾਰਾਂ ਮੀਲਾਂ ਦੇ ਸਫਰ ਵਿੱਚ ਸੰਵਾਦ ਰਚਾਉਂਦੇ ਹੋਏ ਘਰ ਪਰਤ ਕੇ ਗ੍ਰਿਸਤੀ ਜੀਵਨ ਦੀ ਮਹਾਨ-ਤਾ ਅਤੇ ਹੱਥੀਂ ਕਾਰ ਦਾ ਸਨੇਹਾ ਵੀ ਦਿਤਾ। ਉਹਨਾਂ ਸਿਰਫ ਲਿਖਿਆ ਹੀ ਨਹੀਂ ਕਰਕੇ ਵਿਖਾਇਆ । ਅਤੇ ਉਹਨਾਂ ਦੀ ਵਿਰਾਸਤ ਨੈ ਸਮਾਜ ਨੂੰ ਅਜਿਹਾ ਮੋੜ ਦਿੱਤਾ ਕਿ ਜੁਲਮ ਅਨਿਆਂ ਗੈਰ ਬਾਰਬਰੀ ਵਿਰੁਧ ਹੱਕ ਸੱਚ ਦੀ ਲੜਾਈ ਲਈ ਭੈਅ ਭੀਤ ਹੋਣਾ ਸਿਖਾਇਆ । ਇੱਕ ਨਵਾਂ ਸਮਾਜ ਸਿਰਜ ਦਿੱਤਾ ਜਿਸ ਦਾ ਕੋਈ ਸਾਨੀ ਨਹੀਂ । ਦੁਨੀਆਂ ਉਹਨਾਂ ਦੀ ਨਿਕਾਮ ਸੇਵਾ ਅਤੇ ਸਚਾਈ ਲਈ ਹੌਸਲੇ ਅਤੇ ਦਲੇਰੀ ਨਾਲ ਲੜਣ ਦੀ ਕਾਇਲ ਹੈ। ਫਿਰ ਕਿਉਂ ਨਹੀਂ ਅਸੀ ਕਹਿ ਸਕਦੇ ਕਿ ਗੁਰੂ ਨਾਨਕ ਜੀ ਰੁਹਾਨੀਅਤ ਦੇ ਸਰਵੋਤਮ ਗੁਰੂ ਹਨ ਅਤੇ ਜੁਲਮ ਦੇ ਵਿਰੁਧ ਅਵਾਜ਼ ਉਠਾਉਣ ਵਾਲੇ ਅਧਿਆਤਮ ਗੁਰੂ ਹਨ ਜਿੰਨਾਂ


ਉਹਨਾਂ ਨੇ ਕਿਹਾ ਆਖਰੀ ਸੱਚ ਗਿਅਨ ਤੱਕ ਪਹੁੰਚਣ ਲਈ ਸੰਵਾਦ ਹੀ ਇੱਕ ਰਸਤਾ ਹੈ। "ਜਬ ਲਗਉ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ ।।"








ਆਪ ਸਭ ਨੂੰ
ਗੁਰੂ ਨਾਨਕ ਦੇਵ ਜੀ
ਦੇ ਪ੍ਰਕਾਸ਼ ਪੁਰਬ ਦੀਆਂ ਲੱਖ-ਲੱਖ ਵਧਾਈਆਂ।
"May the divine teachings of Guru Nanak Dev Ji illuminate your path with love and unity."
HAPPY Gurpurabh!
HARDEEP GREWAL
MEMBER OF PROVINCIAL PARLIAMENT
BRAMPTON EAST
HARDEEP.GREWAL@PC.OLA.ORG
HARDEEP_GREWAL
HARDEEP GREWAL
HARDEEPGREWAL_
Address: 1 Gateway Blvd, Unit #307, Brampton, ON L6T 0G3 | 905-799-3939


"May Guru Nanak Dev Ji enlighten your heart & mind with knowledge and sancity."
HAPPY GURPURAB!
ਆਪ ਜੀ ਨੂੰ
ਗੁਰੂ ਨਾਨਕ ਦੇਵ ਜੀ
ਦੇ ਪ੍ਰਕਾਸ਼ ਪੁਰਬ ਦੀਆਂ
ਲੱਖ-ਲੱਖ ਵਧਾਈਆਂ ਹੋਣ ਜੀ।
AMARJOT SANDHU
MEMBER OF PROVINCIAL PARLIAMENT
BRAMPTON WEST
Amarjot.Sandhu@pc.ola.org
CALL - (905) 565-1532
ADDRESS - 10 GILLINGHAM DR, #309, BRAMPTON, ON, L6X 0G6


Urgently Need New Listings in Brampton/Caledon
visit: www.teamjagaujla.com
Call JAG AUJLA
MCNE, REAL ESTATE BROKER
DIR: 416-371-7777
j.aujla@rogers.com
www.jagaujla.com
CALL JAG FOR A QUICK & FREE HOME EVALUATION
www.BramptonTopRealtor.com
www.BramptonTopAgent.com
URGENTLY NEED NEW LISTINGS IN THIS AREA
RECENTLY LISTED/SOLD IN YOUR NEIGHBOURHOOD BY JAG AUJLA
SOLD in *BRAMPTON*
Clarkway/Cottrelle/Hwy 50
2100 sq.ft. ਸੈਮੀ-ਡਿਟੈਚਡ ਹਾਊਸ 4+2 ਬੈਡਰੂਮ + 4 ਵਾਸ਼ਰੂਮ 2 ਬੈਡਰੂਮ ਫਿਨੀਸ਼ਡ ਬੇਸਮੇਂਟ 9 ਫੁੱਟ ਸੀਲਿੰਗ, Quartz ਕਾਊਂਟਰਟੌਪ, 5-ਪੀਸ ਇਨਸੂਇਟ ਅਤੇ His & Her ਕਲੋਜ਼ਿਟ, Laundary on ਮੇਨ ਫਲੋਰ ਅਤੇ ਬੇਸਮੇਂਟ ਵਿੱਚ। ਸਹੂਲਤਾਂ ਦੇ ਬਹੁਤ ਨੇੜੇ - ਗਰੋਸਰੀ ਸਟੋਰ, Shoppers, Pizza Pizza..
Listed in *MISSISSAUGA*
Burnhamthorpe/Confederation
900-999 sq.ft. ਲੇਕ ਵੀਊ 2 ਬੈਡਰੂਮ + 1 ਵਾਸ਼ਰੂਮ ਵੱਡੀਆਂ ਕੀੱਚਨ ਕੈਬਨਿਟ, ਨਵਾਂ ਪੈਂਟ, ਨਵੇਂ ਲੈਂਮੀਨੇਟ ਫਲੋਰ, ਬਹੁਤ ਖੁੱਲੀ ਬਾਲਕੋਨੀ, 2 ਪਾਰਕਿੰਗ (ਲਿਫਟ ਦੇ ਬਿਲੱਕੁਲ ਨੇੜੇ), ਸਾਰੀਆਂ ਸਹੂਲਤਾਂ ਦੇ ਕੋਲ Square One + Celebration Square, Grand Park Plaza, Sheridan College Campus.
Listed in *BRAMPTON*
Bramalea/Queen St/Hwy 7
1301 sq.ft. Corner End-Unit Apartment 3 ਬੈਡਰੂਮ + 2 ਵਾਸ਼ਰੂਮ 1 ਕਾਰ ਪਾਰਕਿੰਗ + ਸਟੋਰੇਜ ਨਾਲ, ਲੈਂਮੀਨੇਟ ਅਤੇ ਸਿਰਾਮਿਕ ਫਲੋਰ, No ਕਾਰਪੇਟ। ਬਹੁਤ ਖੁੱਲੀ ਕੀੱਚਨ ਮਾਸਟਰ ਬੈਡਰੂਮ ਵਿੱਚ 2-ਪੀਸ ਇਨਸੂਇਟ ਅਤੇ ਖੁੱਲੀ ਕਲੋਜ਼ਿਟ, Walking distance to Bramalea City Centre & more.
Listed in *BRAMPTON*
Bovaird/ Mclaughlin/Fletchers Creek Blvd
2000 sq.ft. ਸੈਮੀ-ਡਿਟੈਚਡ ਹਾਊਸ 4+1 ਬੈਡਰੂਮ + 4 ਵਾਸ਼ਰੂਮ 1 ਬੈਡਰੂਮ ਫਿਨੀਸ਼ਡ ਬੇਸਮੇਂਟ with separate entrance. Double door entry, ਮਾਸਟਰ ਬੈਡਰੂਮ ਵਿੱਚ 5-ਪੀਸ ਇਨਸੂਇਟ ਅਤੇ ਖੁੱਲੀ ਕਲੋਜ਼ਿਟ, Laundary on 2nd ਫਲੋਰ ਅਤੇ ਬੇਸਮੇਂਟ ਵਿੱਚ। Newly ਅਪਗਰੇਡੀਡ।
FREE
Full MLS Services
Consistently Marketing Your Property Until SOLD
Staging Consultation
Billboard, Flyer, Newspaper
Online Promotion
Professional Pictures and Virtual Tour
Social media & Radio Advertisement
Open House Until Sold
Competitive Rates, Exceptional Service & Award Winning Results
RE/MAX Realty Specialists Inc. Brokerage (Independently Owned and Operated)
Off: 905-456-3232
*(Based on units sold & commissions)* *Some Conditions Apply.
Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
SEPTEMBER 2022